# ਫੈਡਰਲ ਬਜਟ ਵਿੱਚ ਕਲੀਨ ਇਲੈਕਟ੍ਰਿਸਿਟੀ, ਹੈਲਥਕੇਅਰ ਤੇ ਡੈਂਟਲ ਕੇਅਰ ਦੇ ਪਸਾਰ ਨੂੰ ਦਿੱਤੀ ਗਈ ਤਰਜੀਹ

ਪੰਨਾ 1 ਦਾ ਬਾਕੀ

ਅਗਲੇ ਪੰਜ ਸਾਲਾਂ ਵਿੱਚ ਸਰਕਾਰ ਵੱਲੋਂ ਪਹਿਲਾਂ ਨਾਲੋਂ 60 ਬਿਲੀਅਨ ਡਾਲਰ ਹੋਰ ਖਰਚਣ ਦੀ ਸੰਭਾਵਨਾ ਹੈ। ਇਨ੍ਹਾਂ ਵਿੱਚੋਂ ਅੱਧੇ ਪੈਸੇ ਤਾਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਟਰਾਂਸਫਰ ਕੀਤੇ ਜਾਣ ਵਾਲੇ ਵਧਾਏ ਹੋਏ ਹੈਲਥ ਫੰਡ ਵਜੋਂ ਟਰਾਂਸਫਰ ਕੀਤੇ ਜਾਣਗੇ। ਇਸ ਦੇ ਨਾਲ ਹੀ ਲਿਬਰਲ ਸਰਕਾਰ ਦੀ ਐਨਡੀਪੀ ਨਾਲ ਹੋਈ ਡੀਲ ਵਜੋਂ ਕੁੱਝ ਪੈਸੇ ਨੈਸ਼ਨਲ ਡੈਂਟਲ ਕੇਅਰ ਪ੍ਰੋਗਰਾਮ ਦੇ ਪਸਾਰ ਉੱਤੇ ਖਰਚ ਕੀਤੇ ਜਾਣਗੇ।

ਅਗਲੇ ਪੰਜ ਸਾਲਾਂ ਵਿੱਚ ਡੈਂਟਲ ਕੇਅਰ ਉੱਤੇ 13 ਬਿਲੀਅਨ ਡਾਲਰ ਤੋਂ ਵੀ ਵੱਧ ਖਰਚਾ ਆਉਣ ਦੀ ਸੰਭਾਵਨਾ ਹੈ। ਪਿਛਲੇ ਸਾਲ ਦੇ ਬਜਟ ਵਿੱਚ ਸਰਕਾਰ ਵੱਲੋਂ ਜਿੰਨੀ ਰਕਮ ਇਸ ਪ੍ਰੋਗਰਾਮ ਲਈ ਖਰਚਣ ਦੀ ਪੇਸ਼ੀਨਿਗੋਈ ਕੀਤੀ ਗਈ ਸੀ ਉਸ ਨਾਲੋਂ ਇਹ 7 ਬਿਲੀਅਨ ਡਾਲਰ ਵੱਧ ਹੈ। ਨਵੇਂ ਖਰਚਿਆਂ ਦਾ ਇੱਕ ਤਿਹਾਈ ਤੋਂ ਵੀ ਵੱਧ ਹਿੱਸਾ ਕਲੀਨ ਟੈਕ ਇੰਡਸਟਰੀਜ਼ ਵਿੱਚ ਨਿਵੇਸ਼ ਕੀਤਾ ਜਾਵੇਗਾ। ਜਿਸ ਵਿੱਚੋਂ ਬਹੁਤਾ ਨਿਵੇਸ਼ ਟੈਕਸ ਕ੍ਰੈਡਿਟ ਵਿੱਚ ਹੋਵੇਗਾ ਤਾਂ ਕਿ ਪ੍ਰਾਈਵੇਟ ਸੈਕਟਰ ਕਲੀਨ ਇਲੈਕਟ੍ਰਿਸਿਟੀ, ਹਾਈਡਰੋਜਨ ਦੇ ਉਤਪਾਦਨ, ਕ੍ਰਿਟੀਕਲ ਮਿਨਰਲਜ਼ ਤੇ ਇਲੈਕਟ੍ਰਿਕ ਵ੍ਹੀਕਲ ਸਪਲਾਈ ਚੇਨ ਨਾਲ ਜੁੜ ਸਕੇ।

ਅਗਲੇ 12 ਸਾਲਾਂ ਵਿੱਚ ਸਰਕਾਰ ਕਲੀਨ ਟੈਕਨਾਲੋਜੀ ਤੇ ਮੁੜ ਨੰਵਿਆਈਂ ਜਾ ਸਕਣ ਵਾਲੀ ਟੈਕਨਾਲੋਜੀ ਲਈ 80 ਬਿਲੀਅਨ ਡਾਲਰ ਦਾ ਨਿਵੇਸ਼ ਟੈਕਸ ਕ੍ਰੈਡਿਟ ਵਿੱਚ ਕਰੇਗੀ। ਇਨਵੈਸਟਮੈਂਟ ਟੈਕਸ ਕ੍ਰੈਡਿਟ ਦਾ ਇੱਕ ਤਿਹਾਈ ਹਿੱਸਾ ਕਲੀਨ ਪਾਵਰ ਲਈ ਹੋਵੇਗਾ ਤੇ ਇਸ ਤਹਿਤ ਕੈਨੇਡਾ ਨੂੰ ਇੱਕ ਤੱਟ ਤੋਂ ਦੂਜੇ ਤੱਟ ਤੱਕ ਪਾਵਰ ਲਾਈਨਜ਼ ਨਾਲ ਜੋੜਨ ਦੇ ਟੀਚੇ ਨੂੰ ਪੂਰਾ ਕੀਤਾ ਜਾਵੇਗਾ।

ਫਰੀਲੈਂਡ ਦੇ ਇਸ ਬਜਟ ਵਿੱਚ ਮਹਿੰਗਾਈ ਨਾਲ ਜੂਝ ਰਹੇ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਥੋੜ੍ਹੀ ਰਾਹਤ ਦੇਣ ਲਈ ਜੀਐਸਟੀ ਰੀਬੇਟ ਚੈੱਕ ਮੁਹੱਈਆ ਕਰਵਾਏ ਜਾਣਗੇ। ਭਾਵੇਂ ਹੌਲੀ ਹੌਲੀ ਮਹਿੰਗਾਈ ਵਿੱਚ ਕਮੀ ਆ ਰਹੀ ਹੈ ਪਰ ਇਸ ਦੇ 2024 ਦੀ ਦੂਜੀ ਤਿਮਾਹੀ ਤੱਕ ਬਣੇ ਰਹਿਣ ਦੀ ਸੰਭਾਵਨਾ ਹੈ।

ਗਰੌਸਰੀ ਦੀਆਂ ਕੀਮਤਾਂ ਵਿੱਚ ਵੀ ਕਮੀ ਆਉਣ ਦਾ ਨਾਂ ਨਹੀਂ ਲੈ ਰਹੀ। ਇਸ ਦੌਰਾਨ ਫਰੀਲੈਂਡ ਵੱਲੋਂ ਦਿੱਤੇ ਗਏ ਭਾਸ਼ਣ ਵਿੱਚ ਆਖਿਆ ਗਿਆ ਕਿ ਸਾਡੇ ਗੁਆਂਢੀ ਤੇ ਕੁੱਝ ਦੋਸਤਾਂ ਨੂੰ ਅਜੇ ਵੀ ਮਹਿੰਗਾਈ ਦਾ ਸੇਕ ਤੰਗ ਕਰ ਰਿਹਾ ਹੈ। ਚਾਰ ਮੈਂਬਰਾਂ ਵਾਲੇ ਪਰਿਵਾਰ ਲਈ 467 ਡਾਲਰ ਜੀਐਸਟੀ ਟੈਕਸ ਕ੍ਰੈਡਿਟ ਸਿਸਟਮ ਰਾਹੀਂ ਦਿੱਤੇ ਜਾਣਗੇ। ਨਵੰਬਰ ਵਿੱਚ ਫਰੀਲੈਂਡ ਨੇ ਇਹ ਪੇਸ਼ੀਨਿਗੋਈ ਕੀਤੀ ਸੀ ਕਿ 2027-28 ਤੱਕ ਬਜਟ ਸੰਤੁਲਿਤ ਹੋਣ ਤੋਂ ਬਾਅਦ 4•5 ਬਿਲੀਅਨ ਡਾਲਰ ਇਸ ਵਿੱਚ ਵਾਧੂ ਵੀ ਬਚਣਗੇ। ਮੰਗਲਵਾਰ ਨੂੰ ਪੇਸ਼ ਬਜਟ ਵਿੱਚ ਇਹ ਨਜ਼ਰ ਆ ਰਿਹਾ ਹੈ ਕਿ ਉਸ ਸਾਲ ਤੱਕ ਬਜਟ ਸੰਤੁਲਿਤ ਨਹੀਂ ਹੋ ਸਕੇਗਾ ਤੇ ਪੰਜ ਸਾਲਾਂ ਦੇ ਅਰਸੇ ਲਈ 14 ਬਿਲੀਅਨ ਡਾਲਰ ਦਾ ਘਾਟਾ ਦਰਸਾਇਆ ਗਿਆ ਹੈ।

ਸਰਕਾਰੀ ਟਰੈਵਲ ਵਿੱਚ ਕਟੌਤੀ ਕਰਕੇ, ਬਾਹਰੀ ਸਲਾਹਕਾਰਾਂ ਦੀ ਵਰਤੋਂ ਵਿੱਚ ਕਟੌਤੀ ਕਰਕੇ ਤੇ ਬਹੁਤੇ ਫੈਡਰਲ ਵਿਭਾਗਾਂ ਨੂੰ ਤਿੰਨ ਫੀ ਸਦੀ ਤੱਕ ਆਪਣੇ ਖਰਚਿਆਂ ਵਿੱਚ ਕਮੀ ਲਿਆ ਕੇ ਫਰੀਲੈਂਡ 15 ਬਿਲੀਅਨ ਡਾਲਰ ਦੀ ਬਚਤ ਅਗਲੇ ਪੰਜ ਸਾਲਾਂ ਦੇ ਅਰਸੇ ਵਿੱਚ ਕਰਨਾ ਚਾਹੁੰਦੀ ਹੈ।

# ਦੋ ਗੱਡੀਆਂ ਦੀ ਟੱਕਰ ਵਿੱਚ 4 ਜ਼ਖ਼ਮੀ, ਇੱਕ ਦੀ ਹਾਲਤ ਨਾਜ਼ੁਕ



ਬਰੈਂਪਟਨ, 28 ਮਾਰਚ (ਪੋਸਟ ਬਿਊਰੋ) :ਮੰਗਲਵਾਰ ਦੁਪਹਿਰ ਨੂੰ ਬਰੈਂਪਟਨ ਤੇ ਕੇਲਡਨ ਦੀ ਹੱਦ ਉੱਤੇ ਦੋ ਗੱਡੀਆਂ ਦਰਮਿਆਨ ਹੋਏ ਹਾਦਸੇ ਕਾਰਨ ਚਾਰ ਵਿਅਕਤੀ ਜ਼ਖ਼ਮੀ ਹੋ ਗਏ। ਇਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਜਿੱਥੇ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਨੇ ਦੁਪਹਿਰੇ 2:14 ਉੱਤੇ ਟਵੀਟ ਕਰਕੇ ਆਖਿਆ ਕਿ ਸਟੋਨਗੇਟ ਡਰਾਈਵ ਨੇੜੇ ਮੇਅਫੀਲਡ ਰੋਡ ਉੱਤੇ ਗੰਭੀਰ ਹਾਦਸਾ ਵਾਪਰਿਆ ਹੈ, ਜਿਸ ਵਿੱਚ ਚਾਰ ਲੋਕ ਜ਼ਖ਼ਮੀ ਹੋ ਗਏ ਹਨ। ਮੇਅਫੀਲਡ ਰੋਡ ਦਾ ਇੱਕ ਹਿੱਸਾ ਸਿਟੀ ਆਫ ਬਰੈਂਪਟਨ ਤੇ ਟਾਊਨ ਆਫ ਕੇਲਡਨ ਦਰਮਿਆਨ ਦੋ ਹਿੱਸਿਆਂ ਨੂੰ ਵੱਖ ਕਰਨ ਦੀ ਲਾਈਨ ਵਜੋਂ ਕੰਮ ਕਰਦਾ ਹੈ। ਈਐਮਐਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹਾਦਸਾ ਦੋ ਗੱਡੀਆਂ ਵਿਚਾਲੇ ਟੱਕਰ ਕਾਰਨ ਹੋਇਆ ਤੇ ਚਾਰ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਇੱਕ ਵਿਅਕਤੀ ਨੂੰ ਗੰਭੀਰ ਤੇ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਜਦਕਿ ਬਾਕੀ ਤਿੰਨਾਂ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ। ਪੀਲ ਪੁਲਿਸ ਨੇ ਆਖਿਆ ਕਿ ਉਹ ਵੀ ਮੌਕੇ ਉੱਤੇ ਮੌਜੂਦ ਹੈ ਤੇ ਸੜਕ ਬੰਦ ਕਰਵਾਉਣ ਤੇ ਮਾਮਲੇ ਦੀ ਜਾਂਚ ਲਈ ਓਪੀਪੀ ਦੀ ਮਦਦ ਕਰ ਰਹੀ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਵਿਅਕਤੀ ਗੰਭੀਰ ਜ਼ਖ਼ਮੀ



ਮਿਸੀਸਾਗਾ, 28 ਮਾਰਚ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਪੀਲ ਪੁਲਿਸ ਤੇ ਪੈਰਾਮੈਡਿਕਸ ਨੂੰ ਹਾਦਸੇ ਦੀ ਖਬਰ ਦੇ ਕੇ ਮੰਗਲਵਾਰ ਨੂੰ ਹਾਈਵੇਅ 403 ਨੇੜੇ ਤੜਕੇ 3:30 ਵਜੇ ਦੇ ਨੇੜੇ ਤੇੜੇ ਰਿੱਜਵੇਅ ਅਤੇ ਯੂਨਿਟੀ ਡਰਾਈਵਜ਼ ਉੱਤੇ ਸੱਦਿਆ ਗਿਆ।

ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਮਾਮਲੇ ਦੀ ਜਾਂਚ ਲਈ ਇਸ ਇਲਾਕੇ ਨੂੰ ਟਰੈਫਿਕ ਲਈ ਬੰਦ ਕਰ ਦਿੱਤਾ ਗਿਆ ਹੈ।

# ਅੱਜ ਨਾਮਾ

ਤਿੰਨਾਂ ਦਿਨਾਂ ਤੋਂ ਇੱਕੋ ਪਈ ਰੱਟ ਸੁਣਦੀ,
ਕੈਦੀ ਲਿਆਂਦਾ ਗੁਜਰਾਤ ਤੋਂ ਚੱਕ ਬੇਲੀ।
ਕਾਫਲਾ ਦੌੜਦਾ ਗਿਆ ਸੂਟਾਂ ਵੱਟ ਸਿੱਧਾ,
ਉੱਤਰ ਪ੍ਰਦੇਸ਼ ਦੇ ਪਹੁੰਚਿਆ ਤੱਕ ਬੇਲੀ।
ਲਿਆਂਦਾ ਜੇਲ੍ਹ ਦੇ ਅੰਦਰ ਤੋਂ ਕੱਢ ਓਥੋਂ,
ਦਿੱਤਾ ਏਥੇ ਉਹ ਜੇਲ੍ਹ ਵਿੱਚ ਧੱਕ ਬੇਲੀ।
ਅਗਲੇ ਰੋਜ਼ ਅਦਾਲਤ ਵਿੱਚ ਪੇਸ਼ ਕੀਤਾ,
ਉਮਰ-ਕੈਦ ਲਈ ਦਿੱਤਾ ਈ ਡੱਕ ਬੇਲੀ।
ਫੜਿਆ ਇੱਕ, ਅਨੇਕਾਂ ਹਨ ਤੁਰੇ ਫਿਰਦੇ,
ਚਾਰੇ ਈ ਤਰਫ ਹੈ ਗੈਂਗਾਂ ਦੀ ਧਾੜ ਬੇਲੀ।
ਰਖਵਾਲੇ ਚੋਰਾਂ ਦੇ ਨਾਲ ਆ ਰਲੇ ਫਿਰਦੇ,
ਚਰ ਗਈ ਖੇਤ ਆ ਖੇਤਾਂ ਦੀ ਵਾੜ ਬੇਲੀ।

**ਤੀਸ ਮਾਰ ਖਾਂ**

# 5 ਸਾਲਾ ਬੱਚੀ ਨਾਲ ਹੋਈ ਬੁਲਿੰਗ ਤੋਂ ਬਾਅਦ ਪਰਿਵਾਰ ਨੇ ਹੈਮਿਲਟਨ ਸਕੂਲ ਬੋਰਡ ਉੱਤੇ ਠੋਕਿਆ ਕੇਸ

ਪੰਨਾ 1 ਦਾ ਬਾਕੀ

ਹੈਰੀਸਨ ਨੇ ਇਹ ਦਾਅਵਾ ਵੀ ਕੀਤਾ ਕਿ ਉਨ੍ਹਾਂ ਦੀ ਬੱਚੀ ਦੇ ਸਿਰ ਉੱਤੇ ਵੀ ਸੱਟ ਲੱਗੀ ਤੇ ਉਹ ਇਮੋਸ਼ਨਲੀ ਤੇ ਮੈਂਟਲੀ ਪਰੇਸ਼ਾਨ ਸੀ। ਉਨ੍ਹਾਂ ਦੇ ਬੱਚੇ ਦੀ ਇਸ ਹਾਲਤ ਬਾਰੇ ਉਨ੍ਹਾਂ ਨੂੰ ਹਨ੍ਹੇਰੇ ਵਿੱਚ ਰੱਖਿਆ ਗਿਆ। ਕੇਸ ਵਿੱਚ ਆਖਿਆ ਗਿਆ ਹੈ ਕਿ ਬੋਰਡ ਨੇ ਇਸ ਘਟਨਾ ਨੂੰ ਰੋਕਣ ਲਈ ਸਹੀ ਕਦਮ ਨਹੀਂ ਚੁੱਕੇ ਤੇ ਬੋਰਡ ਨੇ ਵਿਦਿਆਰਥੀਆਂ ਦੀ ਹੋ ਰਹੀ ਬੁਲਿੰਗ ਤੇ ਸੇਫਟੀ ਨੂੰ ਦਰਪੇਸ਼ ਖਤਰੇ ਨੂੰ ਅੱਖੋਂ ਪਰੋਖੇ ਕਰ ਦਿੱਤਾ।

ਹੈਰੀਸਨ ਵੱਲੋਂ ਬੋਰਡ ਦੇ ਐਗਜ਼ੈਕਟਿਵ ਮੈਂਬਰਾਂ ਤੇ ਟਰੱਸਟੀਜ਼ ਨੂੰ ਅਸਤੀਫਾ ਦੇਣ ਲਈ ਆਖਿਆ ਜਾ ਰਿਹਾ ਹੈ ਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਪਰਿਵਾਰ ਨੂੰ ਇਸ ਘਟਨਾ ਕਾਰਨ ਹੋਏ ਟਰੌਮਾ ਲਈ ਮੈਂਟਲ ਹੈਲਥ ਸਪੋਰਟ ਤੇ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ ਜਾ ਰਹੀ ਹੈ। ਇਸ ਦੌਰਾਨ ਹੈਮਿਲਟਨ ਸਕੂਲ ਬੋਰਡ ਨੇ ਆਖਿਆ ਕਿ ਇਸ ਤਰ੍ਹਾਂ ਦੇ ਦਾਅਵਿਆਂ ਦੀ ਪੁਸ਼ਟੀ ਕਰਨ ਤੋਂ ਉਹ ਹਾਲ ਦੀ ਘੜੀ ਅਸਮਰੱਥ ਹਨ ਤੇ ਮਾਮਲੇ ਦੀ ਆਪਣੇ ਪੱਧਰ ਉੱਤੇ ਜਾਂਚ ਕੀਤੀ ਜਾ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

UKTTC UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਮੇਰੀ ਪਾਕਿਸਤਾਨ ਫੇਰੀ: ਤੀਸਰਾ ਦਿਨ ਪੁਰਖਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' 'ਚ







ਡਾ. ਸੁਖਦੇਵ ਸਿੰਘ ਝੰਡ
ਫੋਨ: +91 97798 81084

18 ਫ਼ਰਵਰੀ 2023 ਸ਼ਨੀਵਾਰ ਲਹਿੰਦੇ ਪੰਜਾਬ ਵਿਚ ਸਾਡਾ ਤੀਸਰਾ ਦਿਨ ਸੀ ਅਤੇ ਇਸ ਦਿਨ ਅਸੀ ਆਪਣੇ ਪੁਰਖਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਜਾਣ ਦਾ ਪ੍ਰੋਗਰਾਮ ਬਣਾਇਆ। 1947 ਦੀ ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਲਾਇਲਪੁਰ ਜ਼ਿਲੇ ਵਿਚ ਪੈਂਦਾ ਇਹ ਇਕ ਮਸ਼ਹੂਰ ਪਿੰਡ ਸੀ। ਲਾਹੌਰ ਨੂੰ ਜਾਣ ਵਾਲੀ ਰੇਲਵੇ ਲਾਈਨ ਪਿੰਡ ਦੇ ਨੇੜਿਉਂ ਲੰਘਦੀ ਸੀ ਅਤੇ ਇਸ ਉੱਪਰ ਰੇਲਵੇ ਸਟੇਸ਼ਨ 'ਗੱਟੀ' ਸੀ ਅਤੇ ਇਹ ਹੁਣ ਵੀ ਹੈ। ਆਲ਼ੇ-ਦੁਆਲ਼ੇ ਦੇ 8-10 ਪਿੰਡਾਂ ਵਿੱਚ ਸੱਭ ਤੋਂ ਪਹਿਲਾ ਪ੍ਰਾਇਮਰੀ ਸਕੂਲ ਮੇਰੇ ਪੁਰਖਿਆਂ ਦੇ ਇਸ ਪਿੰਡ ਵਿੱਚ ਹੀ ਬਣਿਆਂ ਸੀ ਜਿਸ ਕਰਕੇ ਇਸ ਦਾ ਨਾਂ 'ਗੱਟੀ ਸਕੂਲ ਵਾਲੀ' ਪੈ ਗਿਆ। ਹੁਣ ਅੱਜਕੱਲ੍ਹ ਇਸ ਪਿੰਡ ਦਾ ਏਹੀ ਨਾਂ ਚੱਲਦਾ ਹੈ ਅਤੇ 'ਗੱਟੀ ਤਲਾਵਾਂ' ਨੂੰ ਲੋਕ ਹੁਣ ਭੁੱਲਦੇ ਜਾ ਰਹੇ ਹਨ।

1892 ਵਿਚ 'ਬਾਰਾਂ' ਵਸਾਉਣ ਸਮੇਂ ਅੰਗਰੇਜਾਂ ਵੱਲੋਂ ਬਣਾਏ ਗਏ 'ਚੱਕ ਨੰਬਰ 202' ਨੂੰ 'ਗੱਟੀ ਤਲਾਵਾਂ' ਦਾ ਨਾਂ ਤਾਂ ਸਾਡੇ ਪੁਰਖਿਆਂ ਵੱਲੋਂ ਦਿੱਤਾ ਗਿਆ ਸੀ, ਕਿਉਂਕਿ ਉਹ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਤਲਾਵਾਂ ਤੋਂ ਉੱਠ ਕੇ ਉੱਥੇ ਗਏ ਸਨ ਅਤੇ ਆਪਣੇ ਪੁਰਾਣੇ ਪਿੰਡ 'ਤਲਾਵੇਂ' ਦੇ ਨਾਂ ਨੂੰ ਉਨ੍ਹਾਂ ਨੇ ਇਸ ਪਿੰਡ ਦੇ ਨਾਲ ਜੋੜ ਲਿਆ ਸੀ। 15 ਅਗਸਤ 1947 ਨੂੰ ਹੋਈ ਭਾਰਤ-ਪਾਕਿਸਤਾਨ ਵੰਡ ਤੋਂ ਤਿੰਨ ਦਿਨ ਬਾਅਦ 18 ਅਗਸਤ ਨੂੰ ਲੱਗਭੱਗ 'ਖਾਲੀ ਹੱਥੀਂ' ਚੱਲ ਕੇ (ਬਲ਼ਦਾਂ ਨਾਲ ਚੱਲਣ ਵਾਲੇ ਗੱਡਾਂਓ ਉੱਪਰ ਕੇਵਲ ਥੋੜ੍ਹਾ ਜਿਹਾ ਰਸਦ-ਪਾਣੀ ਅਤੇ ਲੀੜਾ-ਕੱਪੜਾ ਲੈ ਕੇ) 33 ਦਿਨਾਂ ਦਾ ਬਿਖੜਾ ਪੈਂਡਾ ਤੈਅ ਕਰਨ ਤੋਂ ਬਾਅਦ ਇਕ ਵਾਰ ਫਿਰ ਉਹ ਅੰਮ੍ਰਿਤਸਰ ਜ਼ਿਲੇ ਦੇ ਆਪਣੇ ਪੁਰਾਣੇ ਪਿੰਡ 'ਤਲਾਵਾਂ' ਆ ਗਏ। ਉਨ੍ਹਾਂ ਦੇ ਉੱਥੋਂ ਜਾਣ ਤੋਂ ਬਾਅਦ ਗੱਟੀ ਪਿੰਡ ਦੇ ਵਸਨੀਕਾਂ ਨੂੰ ਇਹ ਨਾਂ (ਗੱਟੀ ਤਲਾਵਾਂ) ਹੌਲੀ-ਹੌਲੀ ਵਿੱਸਰ ਗਿਆ ਹੋਵੇਗਾ। ਤਾਂ ਹੀ ਹੁਣ ਉਹ ਇਸ ਨੂੰ 'ਗੱਟੀ ਸਕੂਲ ਵਾਲੀ' ਸੱਦਦੇ ਹਨ। ਨਵੀਂ ਪੀੜ੍ਹੀ ਵਿੱਚੋਂ ਹੁਣ ਵਿਰਲੇ-ਵਿਰਲੇ ਹੀ ਇਸ ਨੂੰ 'ਗੱਟੀ ਤਲਾਵਾਂ' ਵਜੋਂ ਜਾਣਦੇ ਹੋਣਗੇ। ਅਲਬੱਤਾ, ਇਸ ਪਿੰਡ ਦੇ ਸਾਡੇ ਮੇਜ਼ਬਾਨ ਮੁਨੱਵਰ ਹੁਸੈਨ ਅਤੇ ਜ਼ਹੂਰ ਹੁਸੈਨ ਇਹ ਨਾਂ ਹੀ ਲੈ ਰਹੇ ਸਨ। ਉਨ੍ਹਾਂ ਨੂੰ ਸਾਡੇ ਸਾਹਮਣੇ ਸ਼ਾਇਦ ਇਹ ਨਾਂ ਲੈਣਾ ਚੰਗਾ ਲੱਗ ਰਿਹਾ ਸੀ। ਇੱਥੋਂ ਮੇਰੇ ਪਿਤਾ ਜੀ ਸ. ਵਰਿਆਮ ਸਿੰਘ ਨੇ 1936 ਵਿਚ ਚੌਥੀ ਜਮਾਤ ਤੱਕ ਵਿੱਦਿਆ ਹਾਸਲ ਕੀਤੀ ਸੀ ਅਤੇ ਅੱਠਵੀਂ ਤੱਕ ਉਹ ਪਿੰਡ ਤੋਂ 10 ਕੁ ਕਿਲੋਮੀਟਰ ਦੂਰ ਪੈਂਦੇ ਪਿੰਡ 'ਮਈਆਂ ਵਾਲਾ' ਦੇ ਮਿਡਲ ਸਕੂਲ ਵਿਚ ਪੜ੍ਹੇ ਸਨ। ਉਦੋਂ ਪ੍ਰਾਇਮਰੀ ਸਕੂਲ ਵਿਚ ਪੜ੍ਹਾਈ ਚਾਰ ਜਮਾਤਾਂ ਤੱਕ ਹੀ ਹੁੰਦੀ ਸੀ ਅਤੇ ਪੰਜਵੀਂ ਜਮਾਤ ਲਈ ਮਿਡਲ ਸਕੂਲ ਜਾਣਾ ਪੈਂਦਾ ਸੀ। ਮੈਟ੍ਰਿਕ ਉਨ੍ਹਾਂ ਨੇ ਲਾਇਲਪੁਰ ਦੇ ਖਾਲਸਾ ਸਕੂਲ ਤੋਂ ਅਤੇ ਐੱਫ਼.ਐੱਸ.ਸੀ. ਲਾਇਲਪੁਰ ਖਾਲਸਾ ਕਾਲਜ ਤੋਂ 1944 ਕੀਤੀ। ਬੀ.ਐੱਸ.ਸੀ. (ਮੈਡੀਕਲ) ਖਾਲਸਾ ਕਾਲਜ ਅੰਮ੍ਰਿਤਸਰ ਤੋਂ 1946 ਵਿਚ ਕੀਤੀ। 1947 ਦੀ 'ਭਾਰਤ-ਪਾਕਿਸਤਾਨ ਵੰਡ' ਹੋ ਜਾਣ ਕਾਰਨ 'ਜ਼ਿਲੇਦਾਰ' ਬਣਦੇ-ਬਣਦੇ ਰਹਿ ਗਏ ਅਤੇ ਇਧਰ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਚੌਹਾਨ ਆ ਕੇ ਗੌਰਮਿੰਟ ਟ੍ਰੇਨਿੰਗ ਕਾਲਜ ਜਲੰਧਰ ਤੋਂ ਬੀ.ਟੀ. ਕਰਕੇ ਸਾਇੰਸ ਮਾਸਟਰ ਬਣ ਗਏ।

## ਪੁਰਾਣਾ ਲਾਇਲਪੁਰ ਬਣਿਆ ਹੁਣ 'ਫੈਸਲਾਬਾਦ'

ਬਜ਼ੁਰਗ ਦੱਸਦੇ ਹੁੰਦੇ ਸਨ ਕਿ ਲਾਇਲਪੁਰ ਸ਼ਹਿਰ ਦਾ ਨਾਂ ਇਕ ਅੰਗਰੇਜ਼ ਅਫ਼ਸਰ 'ਲਾਇਲ' ਦੇ ਨਾਂ 'ਤੇ ਰੱਖਿਆ ਗਿਆ ਸੀ ਜਿਸ ਨੇ 'ਬਾਰਾਂ' ਵਸਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਵੰਡ ਤੋਂ ਕਈ ਸਾਲ ਬਾਅਦ ਇਸ ਸ਼ਹਿਰ ਲਾਇਲਪੁਰ ਦਾ ਨਾਂ ਬਦਲ ਕੇ 'ਫੈਸਲਾਬਾਦ' ਕਰ ਦਿੱਤਾ ਗਿਆ ਜੋ ਅਸਲ ਵਿਚ 'ਫੈਸਲ ਆਬਾਦ' ਹੈ ਅਤੇ ਇਹ ਨਾਂ ਇਕ ਬਹੁਤ ਹੀ ਅਮੀਰ ਪਾਕਿਸਤਾਨੀ ਸ਼ਖ਼ਸ 'ਫੈਸਲ' ਦੇ ਨਾਂ 'ਤੇ ਰੱਖਿਆ ਗਿਆ। ਏਸੇ ਹੀ ਅਹਿਮ ਤੇ ਬੇਹੱਦ ਅਮੀਰ ਵਿਅੱਕਤੀ ਦੇ ਨਾਂ 'ਤੇ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਇਕ ਬਹੁਤ ਵੱਡੀ ਖ਼ੂਬਸੂਰਤ ਮਸਜਿਦ 'ਫੈਸਲ ਮਸਜਿਦ' ਬਣੀ ਹੋਈ ਹੈ ਜੋ ਆਪਣੇ ਆਪ ਵਿਚ ਇਕ ਅਜੂਬਾ ਹੀ ਜਾਪਦੀ ਹੈ। ਵੈਸੇ, ਪਿਛਲੇ ਦੋ ਦਿਨਾਂ ਤੋਂ ਸਾਡੇ ਨਾਲ ਵਿਚਰ ਰਹੇ 'ਪੰਜਾਬੀ ਪ੍ਰਚਾਰ ਟੀ.ਵੀ.' ਦੇ ਕੈਮਰਾਮੈਨ ਦਾ ਨਾਂ ਵੀ 'ਫੈਸਲ' ਹੈ ਪਰ ਉਸ ਦਾ ਇਸ ਅਮੀਰ ਸ਼ਖ਼ਸ ਨਾਲ ਕੋਈ ਸਬੰਧ ਨਹੀਂ ਹੈ। ਉਂਜ, ਹੋ ਸਕਦਾ ਹੈ ਕਿ ਉਸ ਦੇ ਮਾਂ-ਬਾਪ ਨੇ ਆਪਣੇ ਲਾਡਲੇ ਪੁੱਤਰ ਦਾ ਨਾਂ ਇਸ ਅਮੀਰ ਵਿਅੱਕਤੀ ਦੇ ਨਾਂ ਤੋਂ ਪ੍ਰਭਾਵਿਤ ਹੋ ਕੇ ਰੱਖਿਆ ਹੋਵੇ।

ਸਵੇਰੇ ਸਾਢੇ ਕੁ ਅੱਠ ਵਜੇ ਹੋਟਲ ਵਿਚ ਨਾਸ਼ਤਾ ਕਰਨ ਤੋਂ ਬਾਅਦ ਅਸੀਂ ਨੌਂ ਵਜੇ ਤੋਂ ਪਹਿਲਾਂ ਹੀ ਫੈਸਲਾਬਾਦ ਵੱਲ ਜਾਣ ਵਾਲੇ 'ਮੋਟਰਵੇਅ' ਵੱਲ ਚੱਲ ਪਏ। ਸੇਖ਼ੂਪੁਰਾ/ਹਾਫਿਜ਼ਾਬਾਦ ਨੂੰ ਜਾਣ ਵਾਲੇ ਮੋਟਰਵੇਅ ਐੱਮ-2 'ਤੇ ਜਾਂਦਿਆਂ ਰਾਵੀ ਦਰਿਆ ਨੂੰ ਟੱਪ ਕੇ ਕੁਝ ਕੁ ਕਿਲੋਮੀਟਰ ਅੱਗੇ ਜਾ ਕੇ ਇਹ ਖੱਬੇ ਪਾਸੇ ਮੁੜ ਕੇ ਫੈਸਲਾਬਾਦ ਨੂੰ ਜਾਂਦਾ ਹੈ। (ਪਾਕਿਸਤਾਨ ਵਿਚ ਸਾਰੇ ਹੀ ਹਾਈਵੇਅਜ਼ 'ਮੋਟਰਵੇਅ' ਦੇ ਨਾਂ ਨਾਲ ਜਾਣੇ ਜਾਂਦੇ ਹਨ)। ਲਾਹੌਰ ਤੋਂ ਫੈਸਲਾਬਾਦ ਦੀ ਦੂਰੀ 182 ਕਿਲੋਮੀਟਰ ਹੈ ਅਤੇ ਮੋਟਰਵੇਅ 'ਤੇ ਉੱਥੇ ਜਾਦਿਆਂ ਢਾਈ-ਤਿੰਨ ਘੰਟੇ ਲੱਗ ਜਾਂਦੇ ਹਨ। ਮੇਰੇ ਪੁਰਖਿਆਂ ਦਾ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਫੈਸਲਾਬਾਦ ਤੋਂ ਅੱਗੇ ਭਾਵੇਂ 9-10 ਕਿਲੋਮੀਟਰ ਹੀ ਦੂਰ ਹੈ ਪਰ ਮੋਟਰਵੇਅ ਐੱਮ-2 ਤੋਂ ਪਿੰਡ ਨੂੰ ਜਾਣ ਵਾਲੀ ਛੋਟੀ ਸੜਕ ਜੋ ਦੋ-ਤਿੰਨ ਪਿੰਡਾਂ ਵਿਚੋਂ ਵਲ਼-ਵਲੇਵੇਂ ਖਾਂਦੀ ਹੋਈ ਜਾਂਦੀ ਹੈ, ਉੱਪਰ ਜਾਂਦਿਆਂ ਅਤੇ ਲੋਕਾਂ ਕੋਲੋਂ ਰਸਤਾ ਪੁੱਛਦੇ-ਪੁਛਾਉਂਦੇ ਸਾਨੂੰ ਅੱਗੋਂ ਇਕ ਘੰਟਾ ਹੋਰ ਲੱਗ ਗਿਆ ਅਤੇ ਅਸੀਂ ਦੁਪਹਿਰ ਦੇ ਇੱਕ ਵਜੇ ਦੇ ਕਰੀਬ ਆਪਣੇ ਪੁਰਖਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਪਹੁੰਚੇ।

ਪਿੰਡ ਪਹੁੰਚਣ 'ਤੇ ਪਿੰਡ-ਵਾਸੀਆਂ ਵੱਲੋਂ ਹੋਇਆ ਭਰਵਾਂ ਸੁਆਗ਼ਤ

ਇਸ ਪਿੰਡ ਵਿਚ ਸਾਡੇ ਜਾਣੂ ਪਰਿਵਾਰ ਦੇ ਮੈਂਬਰ ਦੋ ਭਰਾ ਮੁਨੱਵਰ ਹੁਸੈਨ ਅਤੇ ਜ਼ਹੂਰ ਹੁਸੈਨ ਜਿਨ੍ਹਾਂ ਦੇ ਦਾਦਾ ਜੀ ਬਹਾਰ ਦੀਨ ਅਤੇ ਮੇਰੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ ਗੂੜ੍ਹੇ ਦੋਸਤ ਸਨ, ਆਪਣੇ ਪਰਿਵਾਰ ਦੇ ਹੋਰ ਜੀਆਂ ਨਾਲ ਬੜੀ ਤੀਬਰਤਾ ਨਾਲ ਸਾਡੀ ਉਡੀਕ ਕਰ ਰਹੇ ਸਨ। ਉਨ੍ਹਾਂ ਆਪਣੇ ਹੱਥਾਂ ਵਿਚ ਗੁਲਾਬ ਦੇ ਫੁੱਲਾਂ ਦੇ ਹਾਰ ਫੜੇ ਹੋਏ ਸਨ ਅਤੇ ਗੱਡੀ ਵਿੱਚੋਂ ਉੱਤਰਦਿਆਂ ਹੀ ਉਨ੍ਹਾਂ ਨੇ ਉਹ ਸਾਡੇ ਗ਼ਲਾਂ 'ਚ ਪਾ ਦਿੱਤੇ। ਅਸੀਂ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਮਿਲੇ। ਮੰਜੇ ਉੱਪਰ ਸਾਫ-ਸੁਥਰੇ ਬਿਸਤਰੇ 'ਤੇ ਬੈਠੇ ਹੋਏ ਉਨ੍ਹਾਂ ਦੇ 95-96 ਸਾਲ ਦੇ ਬਜ਼ੁਰਗ ਮਾਤਾ ਜੀ ਸਾਨੂੰ ਸਾਰਿਆ ਨੂੰ ਘੁੱਟ-ਘੁੱਟ ਕੇ ਜੱਫੀਆਂ ਪਾ ਕੇ ਮਿਲੇ। ਪਰਿਵਾਰ ਦੇ ਹੋਰ ਜੀਅ ਵੀ ਸਾਨੂੰ ਖ਼ੂਬ ਤਪਾਕ ਨਾਲ ਮਿਲੇ। ਮਿਲਣ-ਗਿਲਣ ਤੋਂ ਬਾਅਦ ਉਨ੍ਹਾਂ ਦੀ 'ਬੈਠਕ' (ਡਰਾਇੰਗ-ਰੂਮ) ਵਿਚ ਬੈਠ ਕੇ ਡਰਾਈ ਫ਼ਰੂਟ ਦੇ ਨਾਲ ਜੂਸ ਦਾ ਗਲਾਸ-ਗਲਾਸ ਪੀਤਾ। ਮੁਨੱਵਰ ਹੁਸੈਨ ਨੇ ਦੱਸਿਆ ਕਿ ਸਕੂਲ ਵਿਚ ਸਟਾਫ਼ ਅਤੇ ਵਿਦਿਆਥੀਆਂ ਨੇ ਸਾਨੂੰ 'ਜੀ-ਆਇਆਂ' ਕਹਿਣ ਅਤੇ ਚਾਹ-ਪਾਣੀ ਛਕਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ। ਇਸ ਲਈ ਅਸੀਂ ਉੱਥੋਂ ਜਲਦੀ ਹੀ ਉਸ ਦੇ ਛੋਟੇ ਭਰਾ ਜ਼ਹੂਰ ਹੁਸੈਨ ਨਾਲ ਸਕੂਲ ਵੱਲ ਚੱਲ ਪਏ।

ਪ੍ਰਾਇਮਰੀ ਸਕੂਲ ਦੇ ਸਟਾਫ਼ ਵੱਲੋਂ ਹੋਇਆ ਸਾਡਾ ਨਿੱਘਾ ਸੁਆਗ਼ਤ

ਅਸੀਂ ਪਹਿਲਾਂ ਸਕੂਲ ਦੇ ਪ੍ਰਾਇਮਰੀ ਸੈਕਸ਼ਨ ਵਿਚ ਗਏ। ਇਹ ਉਹੀ ਸਕੂਲ ਸੀ ਜਿੱਥੇ ਮੇਰੇ ਪਿਤਾ ਜੀ ਚੌਥੀ ਜਮਾਤ ਤੱਕ ਪੜ੍ਹਦੇ ਰਹੇ ਸਨ। ਸਕੂਲ ਦੀ ਇਮਾਰਤ ਦਾ ਇਕ ਹਿੱਸਾ ਅਜੇ ਵੀ ਪੁਰਾਣਾ ਓਸੇ ਸਮੇਂ ਵਾਲਾ ਹੀ ਸੀ ਅਤੇ ਦੂਸਰਾ ਹਿੱਸਾ ਨਵਾਂ ਅਜੋਕੇ ਡਿਜ਼ਾਈਨ ਦਾ ਬਣਿਆ ਹੋਇਆ ਸੀ। ਸਕੂਲ ਦੇ ਗੇਟ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਦੋ ਲਾਈਨਾਂ ਵਿਚ ਖੜੇ ਵਿਦਿਆਰਥੀਆਂ ਨੇ ਆਪਣੇ ਹੱਥਾ ਵਿਚ ਫੜੀਆਂ ਹੋਈਆਂ ਪਲੇਟਾਂ ਵਿੱਚੋਂ ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਸਾਡੇ ਉੱਪਰ ਸੁੱਟੀਆਂ ਅਤੇ ਸਟਾਫ਼ ਮੈਂਬਰਾਂ ਨੇ ਗੁਲਾਬ ਦੇ ਫੁੱਲਾਂ ਦੇ ਹਾਰ ਸਾਡੇ ਗ਼ਲਾਂ 'ਚ ਪਾਏ। ਇਸ ਤਰ੍ਹਾਂ ਆਪਣਾ ਇਹ ਸੁਆਗ਼ਤ ਹੁੰਦਾ ਵੇਖ ਕੇ ਅਸੀਂ ਸਾਰੇ ਭਾਵੁਕ ਹੋ ਗਏ। ਸਟਾਫ਼ ਮੈਂਬਰਾਂ ਨਾਲ ਕੁਝ ਸਮਾਂ ਬਿਤਾਇਆ ਅਤੇ ਉਨਾਂ ਨਾਲ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ। ਫਿਰ ਉਨ੍ਹਾਂ ਕੋਲੋਂ ਆਗਿਆ ਲੈ ਕੇ ਅਸੀਂ ਗੱਡੀ 'ਤੇ ਸੈਕੰਡਰੀ ਸਕੂਲ ਵੱਲ ਚੱਲ ਪਏ ਜੋ ਉਥੋਂ ਕੁਝ ਦੂਰੀ 'ਤੇ ਸੀ। ਪ੍ਰਾਇਮਰੀ ਸਕੂਲ ਵਾਲਾ ਇਹ ਸੈਕਸ਼ਨ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਦੀ ਨਿਗਰਾਨੀ ਵਿਚ ਹੀ ਚੱਲਦਾ ਸੀ।

ਸੈਕੰਡਰੀ ਸਕੂਲ 'ਚ ਪ੍ਰਿੰਸੀਪਲ ਤੇ ਸਟਾਫ਼ ਵੱਲੋਂ ਵੀ ਹੋਇਆ ਬੇਹੱਦ ਸੁਆਗ਼ਤ

ਸੈਕੰਡਰੀ ਸਕੂਲ ਵਿਚ ਪਹੁੰਚ ਕੇ ਮੇਨ ਗੇਟ ਦੇ ਅੰਦਰ ਜਾਂਦਿਆਂ ਹੀ ਇਸ ਸਕੂਲ ਦੇ ਵਿਦਿਆਰਥੀਆਂ ਨੇ ਵੀ ਗੁਲਾਬ ਦੀਆਂ ਫੁੱਲ-ਪੱਤੀਆਂ ਦੀ ਵਰਖਾ ਸਾਡੇ ਸਿਰਾਂ ਉੱਪਰ ਕੀਤੀ ਅਤੇ ਉਨ੍ਹਾਂ ਤੋਂ ਅੱਗੇ ਖੜੇ ਸਕੂਲ ਦੇ ਪ੍ਰਿੰਸੀਪਲ ਸਾਹਿਬ, ਸਟਾਫ਼ ਮੈਂਬਰਾਂ ਅਤੇ ਪਿੰਡ ਗੱਟੀ ਦੇ ਪਤਵੰਤਿਆਂ ਨੇ ਸਾਡੇ ਗ਼ਲਾਂ 'ਚ ਗੁਲਾਬ ਦੇ ਫੁੱਲਾਂ ਦੇ ਹਾਰ ਪਾ ਕੇ ਸਾਡਾ ਸੁਆਗ਼ਤ ਕੀਤਾ। ਉੱਥੇ ਮਿਲਣ ਤੋਂ ਬਾਅਦ ਉਹ ਸਾਨੂੰ ਪ੍ਰਿੰਸੀਪਲ ਸਾਹਿਬ ਦੇ ਦਫ਼ਤਰ ਵਿਚ ਲੈ ਗਏ ਜੋ ਕਾਫੀ ਖੁੱਲ੍ਹਾ-ਡੁੱਲ੍ਹਾ ਸੀ ਅਤੇ ਉੱਥੇ ਬਹੁਤ ਸਾਰੀਆਂ ਕੁਰਸੀਆਂ ਲੱਗੀਆਂ ਹੋਇਅ ਸਨ। ਪਾਣੀ-ਧਾਣੀ ਪੀਦਿਆਂ ਖਾਣ-ਪੀਣ ਦਾ ਸਮਾਨ ਅਤੇ ਚਾਹ ਆ ਗਈ। ਉਨ੍ਹਾਂ ਨੇ ਕਾਫੀ ਉਚੇਚ ਕੀਤੀ ਲੱਗਦੀ ਸੀ ਜੋ ਕਿ ਖਾਣ-ਪੀਣ ਦੀਆਂ ਵਰਾਇਟੀਆਂ ਤੋਂ ਸਾਫ਼ ਨਜ਼ਰ ਆ ਰਹੀ ਸੀ। ਚਾਹ-ਪਾਣੀ ਦਾ ਆਨੰਦ ਲੈਂਦਿਆਂ ਪਿੰਡ ਦੇ ਇਕ ਪਤਵੰਤੇ ਫ਼ਰੂਖ ਸਾਹਿਬ ਨੇ ਪਿੰਡ ਗੱਟੀ ਦੇ ਲੋਕਾਂ ਬਾਰੇ ਆਪਣੀ ਇਕ ਖ਼ੂਬਸੂਰਤ ਕਵਿਤਾ ਸੁਣਾਈ ਜਿਸ ਵਿਚ ਗੱਟੀ ਪਿੰਡ ਦੇ ਲੋਕਾਂ ਦਾ ਸੱਭ ਤੋਂ ਵੱਧ ਪੜ੍ਹੇ-ਲਿਖੇ ਹੋਣ ਦਾ ਵਿਸ਼ੇਸ਼ ਜ਼ਿਕਰ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਆਪਣੇ ਪੁਰਖਿਆਂ ਦੇ ਪਿੰਡ 'ਗੱਟੀ ਤਲਾਵਾਂ' ਬਾਰੇ ਆਪਣੀ ਇੱਕ ਕਵਿਤਾ ਉਨ੍ਹਾਂ ਦੀ ਨਜ਼ਰ ਕੀਤੀ। ਕਵਿਤਾ ਦੇ ਪਹਿਲੇ ਚਾਰ ਬੰਦ ਪਿੰਡ ਗੱਟੀ, 1947 ਦੀ ਵੰਡ ਸਮੇਂ ਲੋਕਾਂ ਦੇ ਹੋਏ ਉਜਾੜੇ ਅਤੇ ਸਿੱਖਾਂ ਕੋਲੋਂ ਵਿਛੋੜੇ ਗਏ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਪੰਜਾ ਸਾਹਿਬ, ਨਨਕਾਣਾ ਸਾਹਿਬ, ਸੱਚਾ ਸੌਦਾ ਸਾਹਿਬ, ਡੇਰਾ ਸਾਹਿਬ, ਆਦਿ ਬਾਰੇ ਸਨ। ਇਸ ਦੇ ਇਕ ਬੰਦ ਵਿਚ ਲਾਹੌਰ ਬਾਰੇ ਵੀ ਜ਼ਿਕਰ ਆਉਂਦਾ ਸੀ ਜਿਸ ਨੂੰ ਸੁਣ ਕੇ ਸਾਰੇ ਅਸ਼-ਅਸ਼ ਕਰ ਉੱਠੇ। ਪੂਰੀ ਕਵਿਤਾ 'ਭੁੱਖ ਜਾਂ ਤੜਪ?' ਇੰਜ ਸੀ :

ਵਾਹਗੇ ਦੀ ਸਰਹੱਦ ਨੂੰ ਮੈਂ ਅੱਜ ਟੱਪਣ ਆਇਆ ਹਾਂ,
ਪੁਰਖ਼ਿਆਂ ਦੇ ਪਿਛਲੇਰੇ ਪਿੰਡ ਨੂੰ ਤੱਕਣ ਆਇਆ ਹਾਂ।

'ਚੱਕ ਨੰਬਰ ਦੋ ਸੌ ਦੋ' ਖ਼ੁਸ਼ੀਆਂ ਦਾ ਡੇਰਾ ਹੁੰਦਾ ਸੀ,
ਜੋਗ ਜੋਤ ਕੇ ਤਾਇਆ, ਜਿੱਥੇ ਹਲ਼ ਚਲਾਉਂਦਾ ਸੀ,
ਇਕ ਸਟੇਸ਼ਨ ਰੇਲਵੇ ਦਾ 'ਗੱਟੀ' ਅਖਵਾਉਂਦਾ ਸੀ,
ਜਿੱਥੋਂ ਗੱਡੀ ਫੜ੍ਹ ਕੇ ਬਾਪੂ ਲਾਹੌਰ ਜਾ ਆਉਂਦਾ ਸੀ,
ਬਜ਼ੁਰਗਾਂ ਦੀਆਂ ਨਿਸ਼ਾਨੀਆਂ 'ਤੇ ਫੁੱਲ ਰੱਖਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ, .......................।

ਭਾਂਡੇ ਪਿੱਤਲ, ਕੈਂਹ ਦੇ, ਆਪਣੇ ਹੱਥੀਂ ਭੰਨੇ ਸੀ,
ਵਿਚ ਸਬਾਤਾਂ ਵਿਲਕਦੇ ਛੱਡੇ ਕੌਲੀਆਂ/ਛੰਨੇ ਸੀ,
ਗੂੜ੍ਹ ਹਨੇਰੇ ਵਿੱਛੜੇ ਪਏ, ਰੋਂਦੇ ਬੰਨੇ-ਚੰਨੇ ਸੀ,
ਛੱਡ ਘਰਾਂ ਨੂੰ ਟੱਬਰ ,ਤੁਰਿਆ ਬੰਨੇ-ਬੰਨੇ ਸੀ,
ਵਡੇਰਿਆਂ ਦੀ ਮਿੱਟੀ 'ਤੇ ਸਿਰ ਰੱਖਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ, .......................।

ਇਕ ਖੂਹ ਦੇ ਖੇਤ ਸਨ, ਉਦੋਂ ਦੂਰ ਜਿਹੇ ਹੋ ਗਏ,
ਨਕਸ਼ੇ ਦੀ 'ਲਕੀਰ' ਦੇ ਨਾਲ ਮਜਬੂਰ ਜਿਹੇ ਹੋ ਗਏ,
ਹਿੰਮਤਾਂ ਵਾਲੇ ਲੋਕ ਸੀ,' ਥੱਕ ਕੇ ਚੂਰ ਜਿਹੇ ਹੋ ਗਏ,
ਵੱਸਦੇ ਰੱਸਦੇ ਘਰਾਂ ਤੋਂ,' ਆਖ਼ਰ ਦੂਰ ਜਿਹੇ ਹੋ ਗਏ,
ਵਿਛੋੜੇ ਦੀ ਉਸ ਚੀਸ ਨੂੰ ਥੋੜ੍ਹਾ ਨੱਪਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ, .......................।

ਕਨੇਡਾ, ਅਮਰੀਕਾ, ਭਾਰਤ, ਤੇ ਮੈਕਸੀਕੋ ਵੇਖ ਲਏ,
ਨਾਇਕੀ, ਆਦੀਦਾਸ, ਤੇ 'ਸੀਕੋ'-ਸ਼ੀਕੋ' ਵੇਖ ਲਏ,
ਦਰਜੀ ਕੱਪੜੇ ਸਿਉਂਦੇ, ਵੀ ਕਰਦੇ 'ਪੀਕੋ' ਵੇਖ ਲਏ,
ਲਾਹੌਰ ਨਹੀ ਵੇਖਿਆ ਜੀਨ੍ਹੇ, ਕਹਿੰਦੇ ਉਹ ਜੰਮਿਆਂ ਨਹੀ,
ਓਸ ਲਾਹੌਰ ਨੂੰ ਵੇਖਣ, ਅੱਜ ਮੁੜ ਜੰਮਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ,.............................।

'ਪੰਜਾ' ਤੇ 'ਨਨਕਾਣਾ' ਅੱਖਾਂ ਤੋਂ ਓਝਲ ਕਰ ਦਿੱਤੇ,
ਜਾਣ ਲਈ ਓਥੇ 'ਰਾਹ-ਖੇੜੇ' ਸਨ ਬੋਝਲ ਕਰ ਦਿੱਤੇ,
ਵੀਜ਼ਿਆਂ ਦੀਆਂ ਸ਼ਰਤਾਂ ਨੇ ਹੋਰ ਵੀ ਕੋਝਲ ਕਰ ਦਿੱਤੇ,
ਭੁੱਖ, ਤੜਪ ਜਾਂ ਜੋ ਵੀ ਏ, ਇਹ 'ਝੰਡ' ਦਰਸ਼ਨਾਂ ਦੀ,
ਉਸ ਨੂੰ ਦੂਰ ਕਰਨ, ।।। ਤੇ ਅੱਜ ਰੱਜਣ ਆਇਆ ਹਾਂ,
ਵਾਹਗੇ ਦੀ ਸਰਹੱਦ ਨੂੰ, .......................।।।.।



## ਸਕੂਲ ਦਾ ਰਾਊਂਡ ਲਾਇਆ

ਚਾਹ-ਪਾਣੀ ਅਤੇ ਕਵਿਤਾਵਾਂ ਦੇ ਦੌਰ ਤੋਂ ਵਿਹਲੇ ਹੋ ਕੇ ਪ੍ਰਿੰਸੀਪਲ ਸਾਹਿਬ, ਸਟਾਫ਼ ਮੈਂਬਰਾਂ ਅਤੇ ਪਤਵੰਤਿਆਂ ਵੱਲੋਂ ਸਾਨੂੰ ਸਕੂਲ ਦੇ ਵੱਖ-ਵੱਖ ਬਲਾਕਾਂ ਦਾ ਚੱਕਰ ਲਵਾਇਆ ਗਿਆ। ਸਕੂਲ ਦੀ ਸਮੁੱਚੀ ਇਮਾਰਤ ਬੜੀ ਹੀ ਖ਼ੂਬਸੂਰਤ ਤੇ ਖੁੱਲ੍ਹੀ-ਡੁੱਲ੍ਹੀ ਸੀ ਅਤੇ ਸਕੂਲ ਨਾਲੋਂ ਇਹ ਕਿਸੇ ਵਧੀਆ ਕਾਲਜ ਦੀ ਬਿਲਡਿੰਗ ਦਾ ਭੁਲੇਖਾ ਪਾਉਂਦੀ ਸੀ। ਆਰਟਸ ਬਲਾਕ, ਸਾਇੰਸ ਬਲਾਕ, ਸਪੋਰਟਸ ਬਲਾਕ, ਲਾਇਬ੍ਰੇਰੀ ਬਲਾਕ ਅਤੇ ਸਕੂਲ ਦਾ ਵਿਸ਼ਾਲ ਹਾਲ, ਸਾਰੇ ਹੀ ਅਤੀ ਖ਼ੂਬਸੂਰਤ ਅਤੇ ਦਿਲ-ਖਿੱਚਵੇਂ ਸਨ। ਕਿਸੇ ਸਰਕਾਰੀ ਸਕੂਲ ਵਿਚ ਏਨੀਆਂ ਖ਼ੂਬਸੂਰਤ ਇਮਾਰਤਾਂ ਦਾ ਹੋਣਾ ਸਾਡੇ ਸਾਰਿਆਂ ਲਈ ਹੈਰਾਨੀ ਵਾਲੀ ਗੱਲ ਸੀ। ਇਸ ਦੇ ਬਾਰੇ ਪੁੱਛਣ 'ਤੇ ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਇਮਾਰਤਾਂ ਦਾਨੀ-ਸੱਜਣਾਂ ਵੱਲੋਂ ਆਏ ਹੋਏ ਦਾਨ ਨਾਲ ਬਣੀਆਂ ਹਨ। ਪਹਿਲਾਂ ਹੀ ਸਾਡਾ ਮਨ ਇਨ੍ਹਾਂ ਦੋਹਾਂ ਸਕੂਲਾਂ ਨੂੰ ਕੁਝ ਰਕਮ ਭੇਂਟ ਕਰਨ ਦਾ ਸੀ। ਪ੍ਰਿੰਸੀਪਲ ਸਾਹਿਬ ਤੋਂ ਦਾਨੀ-ਸੱਜਣਾਂ ਵੱਲੋਂ ਆਈ ਰਕਮ ਨਾਲ ਇਮਾਰਤਾਂ ਬਣਨ ਬਾਰੇ ਸੁਣਨ ਤੋਂ ਬਾਅਦ ਇਹ ਹੋਰ ਵੀ ਪਕੇਰਾ ਹੋ ਗਿਆ ਅਤੇ ਅਸੀਂ ਦੋਹਾਂ ਸਕੂਲਾਂ ਨੂੰ ਪੰਜਾਹ-ਪੰਜਾਹ ਹਜ਼ਾਰ ਰੁਪਏ ਦਾਨ ਵਜੋਂ ਪ੍ਰਿੰਸੀਪਲ ਸਾਹਿਬ ਨੂੰ ਦਿੱਤੇ ਜੋ ਉਨ੍ਹਾਂ ਨੇ ਓਸੇ ਵੇਲੇ ਜਨਾਬ ਫ਼ਰੂਖ਼ ਸਾਹਿਬ ਦੇ ਹਵਾਲੇ ਇਹ ਕਹਿੰਦਿਆਂ ਕਰ ਦਿੱਤੇ ਕਿ ਸਕੂਲ ਦਾ ਸਾਰਾ ਖ਼ਰਚਾ ਇਨ੍ਹਾਂ ਦੇ ਰਾਹੀਂ ਹੀ ਹੁੰਦਾ ਹੈ।

ਪਿੰਡ ਦਾ ਗੇੜਾ

ਸਕੂਲ ਦੇ ਰਾਊਂਡ ਤੋਂ ਵਿਹਲੇ ਹੋ ਕੇ ਅਸੀਂ ਪਿੰਡ ਦਾ ਗੇੜਾ ਲਾਉਣ ਲਈ ਚੱਲ ਪਏ। ਮੇਜ਼ਬਾਨ ਜ਼ਹੂਰ ਹੁਸੈਨ ਸਾਡੇ ਨਾਲ ਸੀ ਜਿਸ ਨੇ ਸਾਨੂੰ ਸਾਡੇ ਪੁਰਖਿਆਂ ਦਾ ਘਰ ਅਤੇ ਸਾਡੇ ਸ਼ਰੀਕੇ-ਭਾਈਚਾਰੇ ਦੇ ਘਰ ਵਿਖੇ। ਉਸ ਨੇ ਆਪਣੇ ਬਾਪ ਅਤੇ ਦਾਦਾ ਜੀ ਤੋਂ ਇਸ ਦੇ ਬਾਰੇ ਬੜਾ ਕੁਝ ਸੁਣਿਆ ਹਇਆ ਸੀ। ਆਪਣੇ ਪੁਰਖਿਆਂ ਦਾ ਵੱਡਾ ਜੱਦੀ ਘਰ ਵੇਖ ਕੇ ਸਾਨੂੰ ਬੜੀ ਪ੍ਰਸੰਨਤਾ ਹੋਈ। ਉਸ ਘਰ ਵਿਚ ਹੁਣ ਪੰਜ ਪਰਿਵਾਰ ਰਹਿ ਰਹੇ ਸਨ ਅਤੇ ਉਨ੍ਹਾਂ ਦੇ ਘਰਾਂ ਦੇ ਕਈ ਕਮਰਿਆਂ ਦੀਆਂ ਛੱਤਾਂ ਅਜੇ ਵੀ ਓਹੀ ਪੁਰਾਣੀਆਂ ਗਾਰਡਰਾਂ, ਬਾਲਿਆਂ ਤੇ ਟਾਇਲਾਂ ਵਾਲੀਆਂ ਸਨ। ਅਲਬੱਤਾ, ਬਾਹਰਲੀ ਵੱਡੀ ਬੈਠਕ ਨੂੰ ਢਾਹ ਕੇ ਉੱਥੇ ਛੇ ਦੁਕਾਨਾਂ ਬਣੀਆਂ ਹੋਈਆਂ ਸਨ ਅਤੇ ਉਨ੍ਹਾਂ ਦੇ ਵਿਚਾਲੇ ਘਰਾਂ ਨੂੰ ਜਾਣ ਵਾਲੇ ਗੇਟ ਸਨ। ਸ਼ਰੀਕੇ ਦੇ ਸਾਡੇ ਇਕ ਵਡੇਰੇ ਸ. ਜਵਾਲਾ ਸਿੰਘ ਝੰਡ ਦਾ ਘਰ ਸਾਡੇ ਪੁਰਖਿਆਂ ਦੇ ਘਰ ਨਾਲੋਂ ਵੀ ਵੱਡਾ ਸੀ। ਉਹ ਵਿਖਾਉਂਦਿਆਂ ਹੋਇਆਂ ਮੇਜ਼ਬਾਨ ਜ਼ਹੂਰ ਹੁਸੈਨ ਨੇ ਸਾਨੂੰ ਦੱਸਿਆ ਕਿ ਉੱਥੇ ਹੁਣ 17 ਪਰਿਵਾਰ ਵੱਸ ਰਹੇ ਹਨ। ਪਿੰਡ ਦੇ ਸਾਰੇ ਬਾਜ਼ਾਰ ਬੜੇ ਖੁੱਲ੍ਹੇ ਸਨ ਅਤੇ ਚੰਡੀਗੜ੍ਹ ਦੇ ਵੱਖ-ਵੱਖ ਸੈੱਕਟਰਾਂ ਵਾਂਗ ਉਹ ਸਾਰੇ ਇਕ ਦੂਸਰੇ ਨੂੰ 90 ਡਿਗਰੀ 'ਤੇ ਕੱਟਦੇ ਸਨ। ਸਾਰੇ ਪਿੰਡ ਵਿਚ ਸੀਵਰੇਜ ਪਿਆ ਹੋਇਆ ਸੀ। ਕੋਈ ਵੀ ਨਾ਼ਲੀ ਸਾਨੂੰ ਨਜ਼ਰ ਨਹੀਂ ਆਈ ਜਿਸ ਵਿੱਚੋਂ ਬਾਹਰ ਆਉਂਦਾ ਗੰਦਾ ਪਾਣੀ ਗਲੀ-ਬਾਜ਼ਾਰ ਵਿਚ ਫਿਰ ਰਿਹਾ ਹੋਵੇ।



## ਮੁਹੰਮਦ ਅਨਵਰ ਦੇ ਘਰ ਜਾ ਕੇ ਪਰਿਵਾਰ ਦੇ ਮੈਂਬਰਾਂ ਨਾਲ ਕੀਤਾ ਅਫ਼ਸੋਸ

ਸਾਡਾ ਮੇਜ਼ਬਾਨ ਜ਼ਹੂਰ ਹੁਸੈਨ ਅਤੇ ਉਸ ਦਾ ਸਾਥੀ ਇਸ ਪਿੰਡ ਦਾ ਨੰਬਰਦਾਰ ਮੁਹੰਮਦ ਅਨਵਰ ਮਾਰਚ 2015 ਵਿਚ ਅੰਮ੍ਰਿਤਸਰ ਜ਼ਿਲੇ ਵਿਚ ਸਾਡੇ ਪਿੰਡ ਚੌਹਾਨ ਸਾਨੂੰ ਮਿਲਣ ਆਏ ਸਨ ਅਤੇ ਉਹ ਉੱਦੋਂ ਸਾਡੇ ਕੋਲ 12 ਦਿਨ ਠਹਿਰੇ। ਇਸ ਦੌਰਾਨ ਅਸੀਂ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਇਲਾਵਾ ਜਲੰਧਰ ਅਤੇ ਕਪੂਰਥਲਾ ਜ਼ਿਲੇ ਵਿਚ ਪੈਂਦੇ ਮੁਹੰਮਦ ਅਨਵਰ ਦੇ ਪੁਰਖਿਆਂ ਦੇ ਪਿੰਡ 'ਧੰਮ' ਜੋ 'ਧੰਮ ਬਾਦਸ਼ਾਹਪੁਰ' ਕਰਕੇ ਵਧੇਰੇ ਜਾਣਿਆਂ ਜਾਂਦਾ ਹੈ, ਵਿਖੇ ਵੀ ਲੈ ਕੇ ਗਏ। ਉੱਥੇ ਉਸ ਨੇ ਆਪਣੇ ਪੁਰਖਿਆਂ ਦੀ ਵਾਹੀ-ਖੇਤੀ ਵਾਲੀ ਜ਼ਮੀਨ ਦੀ ਮਿੱਟੀ ਖੁੱਲ੍ਹੇ ਮੂੰਹ ਵਾਲੀ ਇਕ ਸ਼ੀਸ਼ੀ ਵਿਚ ਪਾ ਕੇ ਲਿਆਦੀ ਅਤੇ ਇਕ ਬੋਤਲ ਵਿਚ ਪਿੰਡ ਦੇ ਨਲਕੇ ਦਾ ਪਾਣੀ ਵੀ ਭਰ ਲਿਆ। ਉਹ ਬੜੇ ਚਾਅ ਨਾਲ ਸਾਡੇ ਪਿੰਡ ਰਹਿ ਰਹੇ ਸਨ ਕਿ ਇਕ ਦਿਨ ਅਚਾਨਕ ਹੀ ਮੁਹੰਮਦ ਅਨਵਰ ਦੀ ਤਬੀਅਤ ਖ਼ਰਾਬ ਹੋ ਗਈ। ਮੌਕੇ 'ਤੇ ਡਾਕਟਰੀ ਇਲਾਜ ਕਰਵਾਉਣ ਦੇ ਬਾਵਜੂਦ ਉਹ ਅੱਲਾ ਨੂੰ ਪਿਆਰੇ ਹੋ ਗਏ। ਜ਼ਹੂਰ ਹੁਸੈਨ ਨੇ ਸਾਨੂੰ ਮਗਰੋਂ ਦੱਸਿਆ ਕਿ ਉਹ ਸ਼ੂਗਰ ਦੇ ਮਰੀਜ਼ ਸਨ ਅਤੇ ਇਸ ਦੀ ਦਵਾਈ ਖਾਣ ਵਿਚ ਅਕਸਰ ਅਣਗਹਿਲੀ ਕਰ ਜਾਂਦੇ ਸਨ। ਡਾਕਟਰਾਂ ਨੇ ਉਨ੍ਹਾਂ ਦੀ ਮੌਤ ਦਾ ਕਾਰਨ ਹਾਰਟ-ਅਟੈਕ ਦੱਸਿਆ ਜੋ ਉਨ੍ਹਾਂ ਅਨੁਸਾਰ ਬਲੱਡ-ਪਰੈੱਸ਼ਰ ਵੱਧਣ ਜਾਂ ਘਟਣ ਕਾਰਨ ਹੋਈ ਹੋਵੇਗੀ। ਬੜੀਆ ਹੀ ਮੁਸ਼ਕਲਾਂ ਵਿਚੋਂ ਗੁਜ਼ਰਦਿਆ ਹੋਇਆ ਉਨ੍ਹਾਂ ਦੇ ਮਿਰਤਕ ਸਰੀਰ ਨੂੰ ਵਾਹਗੇ ਦੀ ਸਰਹੱਦ ਤੋਂ ਅੱਗੇ ਪਹੁੰਚਾਇਆ ਗਿਆ ਜਿੱਥੇ ਉਸ ਦੇ ਪਰਿਵਾਰ ਦੇ ਦੋ ਮੈਂਬਰ ਲਾਹੌਰ ਵਿਚ ਆਪਣਾ ਰੇਡੀਓ ਪ੍ਰੋਗਰਾਮ ਚਲਾ ਰਹੇ ਉੱਘੇ ਸਮਾਜ-ਸੇਵਕ ਮਜ਼ਹਰ ਉਲ੍ਹਾ ਕੁਰੈਸ਼ੀ ਹੁਰਾਂ ਦੀ ਅਗਵਾਈ ਵਿਚ ਸਰਹੱਦੀ ਗੇਟ (ਪਾਕਿਸਤਾਨ ਵਾਲੇ ਪਾਸੇ) ਦੇ ਦੂਸਰੇ ਬੰਨੇ ਆਏ ਹੋਏ ਸਨ। ਹਾਰਦਿਕ ਅਫ਼ਸੋਸ ਪ੍ਰਗਟ ਕਰਦਿਆ ਹੋਇਆਂ ਉਦੋਂ ਬੜੇ ਹੀ ਦੁਖੀ ਹਿਰਦੇ ਨਾਲ ਮੁਹੰਮਦ ਅਨਵਰ ਹੁਰਾਂ ਦੀ ਮਿਰਤਕ ਦੇਹ ਦੀ ਸੌਂਪਣਾ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਨੂੰ ਕੀਤੀ ਗਈ ਸੀ। ਜ਼ਹੂਰ ਹੁਸੈਨ ਆਪਣੇ ਦੋਸਤ ਨੰਬਰਦਾਰ ਮੁਹੰਮਦ ਅਨਵਰ ਜੋ ਇਸ ਸੰਸਾਰ ਵਿਚ ਨਹੀਂ ਰਿਹਾ ਸੀ, ਉਦੋਂ ਉਸ ਦੇ ਮਿਰਤਕ ਸਰੀਰ ਨਾਲ ਆਪਣੇ ਪਿੰਡ ਵਾਪਸ ਜਾ ਰਿਹਾ ਸੀ। ਅੱਜ ਉਹ ਸਾਡੇ ਨਾਲ ਮੁਹੰਮਦ ਅਨਵਰ ਦੇ ਘਰ ਉਸ ਦੇ ਬੇਟੇ, ਨੂੰਹ ਅਤੇ ਪੋਤਰੇ ਨਾਲ ਅਫ਼ਸੋਸ ਜ਼ਾਹਿਰ ਕਰਨ ਲਈ ਜਾ ਰਿਹਾ ਸੀ। ਅਸੀਂ ਉਨ੍ਹਾਂ ਦੇ ਘਰ ਜਾ ਕੇ ਦਿਲੀ ਦੁੱਖ ਤੇ ਅਫ਼ਸੋਸ ਦਾ ਇਜ਼ਹਾਰ ਕੀਤਾ। ਪੰਦਰਾਂ-ਵੀਹ ਮਿੰਟ ਉਨ੍ਹਾਂ ਦੇ ਘਰ ਰਹੇ ਅਤੇ ਵਾਪਸ ਆਉਣ ਦੀ ਆਗਿਆ ਲਈ। ਉਨ੍ਹਾਂ ਚਾਹ ਲਈ ਸੁਲਾਹ ਮਾਰੀ ਪਰ ਅਸੀ ਜ਼ਹੂਰ ਹੁਰਾਂ ਦੇ ਘਰ ਅਜੇ ਲੰਚ ਕਰਨਾ ਸੀ।

ਪਿੰਡ ਵਿਚ ਬਣੀ ਆਲੀਸ਼ਾਨ ਮਸਜਿਦ ਵੇਖੀ

ਜ਼ਹੂਰ ਹੁਰਾਂ ਦੇ ਘਰ ਦੇ ਸਾਹਮਣੇ ਦੂਸਰੇ ਪਾਸੇ ਇਕ ਸ਼ਾਨਦਾਰ ਮਸਜਿਦ ਬਣੀ ਸੀ। ਇਸ ਦੇ ਬਾਰੇ ਜ਼ਿਕਰ ਕਰਦਿਆ ਉਸ ਦੇ ਵੱਡੇ ਭਰਾ ਮੁਨੱਵਰ ਨੇ ਦੱਸਿਆ ਕਿ ਇਹ ਮਸਜਿਦ ਸਾਡੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ ਨੇ ਇਹ ਥਾਂ ਮੁੱਲ ਲੈ ਕੇ ਅਤੇ ਆਪਣੇ ਵੱਲੋਂ ਸਾਰਾ ਖ਼ਰਚ ਕਰਕੇ ਤਿਆਰ ਕਰਵਾਈ ਸੀ। ਉਦੋਂ ਇਹ ਕੱਚੀ ਹੁੰਦੀ ਸੀ ਅਤੇ ਬਾਅਦ ਵਿਚ ਉਸ ਨੂੰ ਢਾਹ ਕੇ ਇਹ ਪੱਕੀ ਮਸਜਿਦ ਬਣਵਾਈ ਗਈ। ਇਨ੍ਹਾਂ ਦੋਹਾਂ ਦੋਸਤਾਂ ਦੇ ਆਪਸੀ ਪ੍ਰੇਮ-ਪਿਆਰ ਅਤੇ ਭਾਈਚਾਰੇ ਦਾ ਸਬੂਤ ਪ੍ਰਤੱਖ ਦਿਖਾਈ ਦੇ ਰਿਹਾ ਸੀ। ਮੁਨੱਵਰ ਨੇ ਦੱਸਿਆ ਕਿ ਉਹ ਹਰ ਰੋਜ਼ ਇਕ ਦੂਸਰੇ ਨੂੰ ਮਿਲਦੇ ਸਨ ਅਤੇ ਸਾਡੇ ਦਾਦਾ ਜੀ ਆਪਣੇ ਦੋਸਤ ਬਹਾਰ ਦੀਨ ਦੀ ਦਰਜ਼ੀ ਦੀ ਦੁਕਾਨ 'ਤੇ ਕਈ ਕਈ ਘੰਟੇ ਬੈਠ ਕੇ ਉਨ੍ਹਾਂ ਨਾਲ ਗੱਲਾਂ-ਬਾਤਾਂ ਮਾਰਦੇ ਰਹਿੰਦੇ ਸਨ।

ਮੇਜ਼ਬਾਨ ਪਰਿਵਾਰ ਵੱਲੋਂ ਦੁਪਹਿਰ ਦਾ ਖਾਣਾ ਬੜੇ ਚਾਵਾਂ ਨਾਲ ਤਿਆਰ ਕੀਤਾ ਗਿਆ ਜੋ ਅਸੀ ਸਾਰਿਆ ਨੇ ਮਿਲ ਕੇ ਬੜੇ ਪ੍ਰੇਮ ਨਾਲ ਛਕਿਆ। ਚਿਕਨ ਦੇ ਨਾਲ ਸਾਗ ਅਤੇ ਮਾਸ਼ ਦੀ ਦਾਲ ਇਸ ਵਿਚ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਸਨ। ਸਵੀਟ ਡਿਸ਼ ਵਿਚ ਰਸ-ਮਲਾਈ ਅਤੇ ਖੀਰ ਖਾਣ ਦਾ ਆਪਣਾ ਹੀ ਮਜ਼ਾ ਸੀ। ਖਾਣਾ ਖਾਣ ਤੋਂ ਬਾਅਦ ਅਸੀਂ ਮੇਜ਼ਬਾਨ ਪਰਿਵਾਰ ਲਈ ਆਪਣੇ ਨਾਲ ਲਿਆਂਦੇ ਹੋਏ ਤੋਹਫੇ ਉਨ੍ਹਾਂ ਦੇ ਹਵਾਲੇ ਕੀਤੇ ਜਿਨ੍ਹਾਂ ਵਿਚ ਕੁਝ ਗਰਮ ਲੋਈਆਂ, ਲੇਡੀਜ਼ ਸ਼ਾਲ, ਚਵਨਪ੍ਰਾਸ਼ ਦੇ ਡੱਬੇ ਅਤੇ ਫੇਸ ਕਰੀਮ ਦੀਆਂ ਡੱਬੀਆਂ ਸਾਮਲ ਸਨ। ਚੜ੍ਹਦੇ ਪੰਜਾਬ ਤੋਂ ਆਏ ਇਹ ਤੋਹਫੇ ਵੇਖ ਕੇ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੋਈ ਅਤੇ ਇਨ੍ਹਾਂ ਦੇ ਲਈ ਉਨ੍ਹਾ ਸਾਡਾ ਸ਼ੁਕਰੀਆ ਅਦਾ ਕੀਤਾ। ਏਨੇ ਨੂੰ ਚਾਹ ਆ ਗਈ ਅਤੇ ਅਸੀ ਸਾਰਿਆ ਨੇ ਮਿਲ ਕੇ ਪੀਤੀ। ਸਾਮ ਦੇ ਛੇ ਵੱਜ ਰਹੇ ਸਨ ਅਤੇ ਕੁਝ ਕੁਝ ਹਨੇਰਾ ਹੋਣਾ ਸ਼ੁਰੂ ਹੋ ਗਿਆ ਸੀ। ਉਨ੍ਹਾਂ ਕੋਲੋਂ ਵਿਦਾਇਗੀ ਲਈ ਅਤੇ ਰਾਤ ਨੂੰ ਨੌਂ ਵਜੇ ਦੇ ਕਰੀਬ ਵਾਪਸ ਹੋਟਲ ਪਹੁੰਚੇ।

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।
RSFO Ramgarhia Sikh Foundation of Ontario
Ramgarhia Sikh Foundation of Ontario
10th International Award 2023
RSFO Ramgarhia Sikh Foundation of Ontario
Dedicated to the 300th Birth Anniversary of Maharaja Jassa Singh Ramgarhia
300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2



Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

Daljit S. Gaidhu Chairman 416-305-9878
Jasbir S. Sehmbi Vice Chairman 437-774-1410
Manjit S. Bhachu President 416-275-2374
Jarnail S. Matharu Treasurer 416-409-6207
Hardial S. Jheeta General Secretary 647-409-8915

Address: 7956 Torbram Road #40, Bldg-B, Brampton, ON, L6T 5A2, Canada

# ਨਫਰਤੀ ਭਾਸ਼ਣ ਖਿਲਾਫ ਐਫਆਈਆਰ ਉਤੇ ਤੁਰੰਤ ਹੋਵੇ ਕਾਰਵਾਈ: ਸੁਪਰੀਮ ਕੋਰਟ

ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ): ਨਫਰਤ ਫੈਲਾਉਣ ਵਾਲੇ ਭਾਸ਼ਣ ਦੇ ਮਾਮਲੇ 'ਚ ਮੰਗਲਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਅਦਾਲਤ ਨੇ ਕਿਹਾ, 'ਸੰਪਰਦਾਇਕ ਸਦਭਾਵਨਾ ਨੂੰ ਯਕੀਨੀ ਬਣਾਉਣ ਲਈ ਨਫ਼ਰਤ ਭਰੇ ਭਾਸ਼ਣ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਅਜਿਹੇ ਮਾਮਲਿਆਂ ਵਿੱਚ, ਐਫਆਈਆਰ ਦਰਜ ਹੋਣ ਤੋਂ ਬਾਅਦ, ਤੁਰੰਤ ਕਾਰਵਾਈ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕੇਂਦਰ ਤੋਂ ਪੁੱਛਿਆ ਕਿ ਨਫਰਤ ਭਰੇ ਭਾਸ਼ਣ 'ਤੇ ਕੀ ਕਾਰਵਾਈ ਕੀਤੀ ਗਈ ਹੈ। ਹੁਣ ਇਸ ਮਾਮਲੇ ਦੀ ਸੁਣਵਾਈ ਬੁੱਧਵਾਰ ਨੂੰ ਹੋਵੇਗੀ।

ਇਸ ਦੇ ਨਾਲ ਹੀ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਕਿਹਾ, 'ਨਫ਼ਰਤ ਵਾਲੇ ਭਾਸ਼ਣ ਨੂੰ ਲੈ ਕੇ 18 ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਸੁਪਰੀਮ ਕੋਰਟ ਨੂੰ ਮੈਜਿਸਟਰੇਟ ਕੋਰਟ ਨਹੀਂ ਬਣਾਇਆ ਜਾਣਾ ਚਾਹੀਦਾ। ਪਟੀਸ਼ਨਰ ਚੋਣਵੇਂ ਕੇਸ ਨਹੀਂ ਲਿਆ ਸਕਦੇ। ਉਨ੍ਹਾਂ ਨੂੰ ਸਾਰੇ ਧਰਮਾਂ ਦੇ ਕੇਸ ਲਿਆਉਣੇ ਚਾਹੀਦੇ ਹਨ, ਨਹੀਂ ਤਾਂ ਪਟੀਸ਼ਨਕਰਤਾ ਦੀ ਸਦਭਾਵਨਾ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਪਟੀਸ਼ਨਕਰਤਾ ਕਿਸੇ ਵਿਸ਼ੇਸ਼ ਭਾਈਚਾਰੇ ਵਿਰੁੱਧ ਨਫਰਤ ਭਰੇ ਭਾਸ਼ਣ ਨਾਲ ਸਬੰਧਤ ਅਖਬਾਰਾਂ ਦੀਆਂ



ਰਿਪੋਰਟਾਂ ਦੇ ਆਧਾਰ 'ਤੇ ਹੀ ਸੁਪਰੀਮ ਕੋਰਟ 'ਚ ਅਰਜ਼ੀ ਦਾਇਰ ਕਰ ਰਹੇ ਹਨ।

ਇਸ ਦੇ ਨਾਲ ਹੀ ਪਟੀਸ਼ਨਕਰਤਾ ਦੇ ਵਕੀਲ ਨਿਜ਼ਾਮ ਪਾਸ਼ਾ ਨੇ ਸੁਪਰੀਮ ਕੋਰਟ 'ਚ ਕਿਹਾ ਕਿ ਉਨ੍ਹਾਂ ਨੇ ਅਰਜ਼ੀ 'ਚ ਅਖਬਾਰਾਂ ਦੀਆਂ ਰਿਪੋਰਟਾਂ ਦਿਖਾਈਆਂ ਹਨ ਕਿ ਕਿਵੇਂ ਨਫਰਤ ਭਰਿਆ ਭਾਸ਼ਣ ਦਿੱਤਾ ਜਾ ਰਿਹਾ ਹੈ। ਨਫ਼ਰਤ ਭਰੇ ਭਾਸ਼ਣ ਨਾਲ ਸਬੰਧਤ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਕਈ ਮੌਕਿਆਂ 'ਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਅਜਿਹੇ ਬਿਆਨ ਦਿੱਤੇ ਜਾਂਦੇ ਹਨ ਜਿਸ ਨਾਲ ਗੁੱਸਾ ਵਧਦਾ ਹੈ ਅਤੇ ਫਿਰ ਬੋਲਣ ਦੀ ਆਜ਼ਾਦੀ ਦੇ ਨਾਂ 'ਤੇ ਉਨ੍ਹਾਂ 'ਤੇ ਲਗਾਮ ਲਗਾਈ ਜਾਂਦੀ ਹੈ। ਅਜਿਹੇ 'ਚ ਨਫਰਤ ਭਰੇ ਭਾਸ਼ਣ 'ਤੇ ਸਖਤੀ ਨਾਲ ਕੰਟਰੋਲ ਕਰਨਾ ਜ਼ਰੂਰੀ ਹੈ।

# ਨਕਲੀ ਦਵਾਈਆਂ ਬਣਾਉਣ ਵਾਲੀਆਂ 18 ਕੰਪਨੀਆਂ ਦੇ ਲਾਈਸੈਂਸ ਰੱਦ

ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ): ਭਾਰਤ ਸਰਕਾਰ ਨੇ ਨਕਲੀ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਹੈ। ਇਸ ਕਾਰਵਾਈ ਤਹਿਤ 18 ਫਾਰਮਾ ਕੰਪਨੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਡਰੱਗਜ਼ ਕੰਟਰੋਲਰ ਜਨਰਲ ਆਫ ਇੰਡੀਆ (ਡੀਸੀਜੀਆਈ) ਵੱਲੋਂ 20 ਰਾਜਾਂ ਵਿੱਚ 76 ਕੰਪਨੀਆਂ ਦੀ ਜਾਂਚ ਕਰਨ ਤੋਂ ਬਾਅਦ ਸਰਕਾਰ ਨੇ ਮੰਗਲਵਾਰ ਨੂੰ ਨਕਲੀ ਦਵਾਈਆਂ ਬਣਾਉਣ ਵਾਲੀਆਂ 18 ਫਾਰਮਾ ਕੰਪਨੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ। ਸੂਤਰਾਂ ਨੇ ਦੱਸਿਆ ਕਿ ਨਕਲੀ ਦਵਾਈਆਂ ਬਣਾਉਣ 'ਚ ਸ਼ਾਮਲ ਦੇਸ਼ ਭਰ 'ਚ ਕਈ ਫਾਰਮਾ ਕੰਪਨੀਆਂ ਖਿਲਾਫ ਭਾਰੀ ਕਾਰਵਾਈ ਕੀਤੀ ਜਾ ਰਹੀ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ



ਜਾਂਚ ਦੇ ਘੇਰੇ ਵਿੱਚ ਹਨ। ਇਸ ਤੋਂ ਪਹਿਲਾਂ ਵੀ ਇਨ੍ਹਾਂ 'ਤੇ ਸਵਾਲ ਉੱਠ ਚੁੱਕੇ ਹਨ। ਦਵਾਈਆਂ ਦੀ ਗੁਣਵੱਤਾ ਜਾਂ ਨਕਲੀ ਦਵਾਈਆਂ ਦਾ ਇਹ ਧੰਦਾ ਕਾਫੀ ਫੈਲ ਚੁੱਕਾ ਹੈ। ਤਾਮਿਲਨਾਡੂ-ਅਧਾਰਤ ਗਲੋਬਲ ਫਾਰਮਾ ਹੈਲਥਕੇਅਰ ਨੇ ਫਰਵਰੀ ਵਿਚ ਨਜ਼ਰ ਦੀ ਕਮੀ ਨਾਲ ਕਥਿਤ ਤੌਰ 'ਤੇ ਜੁੜੇ ਹੋਣ ਕਾਰਨ ਅਮਰੀਕਾ ਵਿਚ ਆਪਣੀਆਂ ਸਾਰੀਆਂ ਅੱਖਾਂ ਦੀਆਂ ਬੂੰਦਾਂ ਨੂੰ ਵਾਪਸ ਬੁਲਾ ਲਿਆ ਸੀ। ਇਸ ਤੋਂ ਇਲਾਵਾ ਪਿਛਲੇ ਸਾਲ ਗੈਂਬੀਆ ਅਤੇ ਉਜ਼ਬੇਕਿਸਤਾਨ 'ਚ ਬੱਚਿਆਂ ਦੀ ਮੌਤ ਕਾਰਨ ਭਾਰਤੀ ਮੂਲ ਦਾ ਖੰਘ ਦਾ ਸਿਰਪ ਵੀ ਚਰਚਾ 'ਚ ਆਇਆ ਸੀ।





## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।











## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275


Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.









## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661



## ਲੜਕੇ ਦੀ ਲੋੜ

ਰਮਦਾਸੀਆ ਸਿੱਖ ਸੋਹਣੀ ਸੁਨੱਖੀ ਲੜਕੀ, ਕੱਦ 5 ਫੁੱਟ 7 ਇੰਚ, ਜਨਮ 1993, ਐੱਮ.ਟੈੱਕ, ਕੈਨੇਡਾ ਦੀ ਪੀ.ਆਰ., ਲਈ ਪ੍ਰੋਫੈਸ਼ਨਲੀ ਕੁਆਲੀਫਾਈਡ ਸਿੱਖ ਲੜਕੇ ਦੀ ਲੋੜ ਹੈ। ਲੜਕਾ ਪੀ.ਆਰ. ਹੋਣਾ ਚਾਹੀਦਾ ਹੈ ਅਤੇ ਕੈਨੇਡਾ ਵਿਚ ਕੰਮ ਕਰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਫੋਟੋ/ਬਾਇਓਡਾਟਾ sukhik0113@gmail.com ਉਤੇ ਭੇਜ ਸਕਦੇ ਹੋ। ਸੰਪਰਕ: +91 9868560322 ਜਾਂ 437 261 4061

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






## ਲੜਕੇ ਦੀ ਲੋੜ

Saini Sikh family living in Ontario seeks suitable match for their beautiful daughter born in India and raised in Canada since 2005, 27-year-old, slim 5'3" tall has a bachelor degree and a good job. Boy should be Sikh, educated, living and working in Canada. Please contact on +1 (289) 707- 4366.

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

# ਕਾਬੁਲ ’ਚ ਆਈਐਸਆਈਐਸ ਦਾ ਆਤਮਘਾਤੀ ਹਮਲਾ, 6 ਲੋਕਾਂ ਦੀ ਮੌਤ



ਕਾਬੁਲ, 28 ਮਾਰਚ (ਪੋਸਟ ਬਿਊਰੋ): ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਹੋਏ ਜ਼ਬਰਦਸਤ ਧਮਾਕੇ 'ਚ 6 ਲੋਕਾਂ ਦੀ ਮੌਤ ਹੋ ਗਈ ਹੈ। ਇਹ ਧਮਾਕਾ ਕਾਬੁਲ 'ਚ ਵਿਦੇਸ਼ ਮੰਤਰਾਲੇ ਰੋਡ 'ਤੇ ਦਾਉਦਜ਼ਈ ਟਰੇਡ ਸੈਂਟਰ ਨੇੜੇ ਹੋਇਆ। ਜਾਂਚ ਤੋਂ ਪਤਾ ਲੱਗਾ ਹੈ ਕਿ ਖਤਰਨਾਕ ਅੱਤਵਾਦੀ ਸੰਗਠਨ ਆਈਐਸਆਈਐਸ ਦੇ ਆਤਮਘਾਤੀ ਹਮਲਾਵਰ ਨੇ ਆਪਣੇ ਆਪ ਨੂੰ ਉਡਾ ਲਿਆ। ਇਸ ਧਮਾਕੇ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਹੈ। ਫਿਲਹਾਲ ਜਾਂਚ ਏਜੰਸੀਆਂ ਘਟਨਾ ਦੀ ਜਾਂਚ ਕਰ ਰਹੀਆਂ ਹਨ। ਜ਼ਖ਼ਮੀਆਂ ਵਿੱਚ ਬੱਚੇ ਵੀ ਸ਼ਾਮਲ ਹਨ। ਜਿਸ ਇਲਾਕੇ 'ਚ ਧਮਾਕਾ ਹੋਇਆ, ਉੱਥੇ ਕਈ ਸਰਕਾਰੀ ਇਮਾਰਤਾਂ ਅਤੇ ਦੂਤਾਵਾਸ ਸਥਿਤ ਹਨ।

ਤਾਲਿਬਾਨ ਅਧਿਕਾਰੀਆਂ ਨੇ ਇਸ ਘਟਨਾ 'ਤੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ। ਸੋਮਵਾਰ ਦੀ ਘਟਨਾ ਦੁਪਹਿਰ ਦੇ ਖਾਣੇ ਦੇ ਸਮੇਂ ਵਾਪਰੀ, ਜਦੋਂ ਸ਼ਹਿਰ ਖਾਸ ਤੌਰ 'ਤੇ ਭੀੜ ਵਾਲਾ ਹੁੰਦਾ ਹੈ। ਸਰਕਾਰੀ ਦਫਤਰ ਦੇ ਕਰਮਚਾਰੀ ਰਮਜ਼ਾਨ ਦੇ ਇਸਲਾਮੀ ਮਹੀਨੇ ਦੇ ਦੌਰਾਨ ਜਲਦੀ ਚਲੇ ਜਾਂਦੇ ਹਨ।

ਇਸ ਤੋਂ ਪਹਿਲਾਂ ਜਨਵਰੀ 2023 ਵਿੱਚ ਕਾਬੁਲ ਵਿੱਚ ਵਿਦੇਸ਼ ਮੰਤਰਾਲੇ ਦੇ ਸਾਹਮਣੇ ਇੱਕ ਧਮਾਕਾ ਹੋਇਆ ਸੀ, ਜਿਸ ਵਿੱਚ ਪੰਜ ਨਾਗਰਿਕ ਮਾਰੇ ਗਏ ਸਨ, ਜਦੋਂ ਕਿ ਕਈ ਹੋਰ ਜ਼ਖ਼ਮੀ ਹੋ ਗਏ ਸਨ। 2023 ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਅਫਗਾਨਿਸਤਾਨ ਵਿੱਚ ਕਈ ਧਮਾਕੇ ਹੋ ਚੁੱਕੇ ਹਨ। ਇਸ ਮਹੀਨੇ ਰਾਜਧਾਨੀ ਵਿੱਚ ਕਈ ਧਮਾਕੇ ਹੋਏ ਸਨ, ਜਿਨ੍ਹਾਂ ਵਿੱਚ ਇੱਕ ਕਾਬੁਲ ਫੌਜੀ ਹਵਾਈ ਅੱਡੇ ਦੇ ਨੇੜੇ ਵੀ ਸ਼ਾਮਲ ਸੀ। ਇਸ ਤੋਂ ਇਲਾਵਾ ਕਾਬੁਲ ਦੇ ਮੱਧ ਵਿਚ ਚੀਨ ਦੀ ਮਲਕੀਅਤ ਵਾਲੇ ਇਕ ਹੋਟਲ ਨੂੰ ਵੀ ਨਿਸ਼ਾਨਾ ਬਣਾਇਆ ਗਿਆ।

# ਮੱਕਾ ਜਾ ਰਹੀ ਬਸ ਪੁਲ ਨਾਲ ਟਕਰਾਈ, 20 ਸ਼ਰਧਾਲੂਆਂ ਦੀ ਮੌਤ, ਕਈ ਜ਼ਖਮੀ

ਰਿਆਦ, 28 ਮਾਰਚ (ਪੋਸਟ ਬਿਊਰੋ): ਸ਼ਰਧਾਲੂਆਂ ਨੂੰ ਮੱਕਾ ਲੈ ਕੇ ਜਾ ਰਹੀ ਇੱਕ ਬੱਸ ਦੇ ਸੋਮਵਾਰ ਨੂੰ ਇੱਕ ਪੁਲ 'ਤੇ ਟਕਰਾ ਜਾਣ ਕਾਰਨ ਘੱਟੋ-ਘੱਟ 20 ਲੋਕਾਂ ਦੀ ਮੌਤ ਹੋ ਗਈ ਅਤੇ ਦੋ ਦਰਜਨ ਤੋਂ ਵੱਧ ਜ਼ਖ਼ਮੀ ਹੋ ਗਏ।

ਦੱਖਣੀ ਪ੍ਰਾਂਤ ਅਸੀਰ ਵਿੱਚ ਇਹ ਹਾਦਸਾ ਤੀਰਥ ਯਾਤਰੀਆਂ ਨੂੰ ਮੱਕਾ ਅਤੇ ਮਦੀਨਾ ਦੇ ਸ਼ਹਿਰਾਂ ਵਿੱਚ ਸੁਰੱਖਿਅਤ ਢੰਗ ਨਾਲ ਪਹੁੰਚਾਉਣ ਵਿੱਚ ਦਰਪੇਸ਼ ਚੁਣੌਤੀਆਂ ਨੂੰ ਉਜਾਗਰ ਕਰਦਾ ਹੈ। ਇਹ ਘਟਨਾ ਰਮਜ਼ਾਨ ਦੇ ਪਹਿਲੇ ਹਫ਼ਤੇ ਦੌਰਾਨ ਵਾਪਰੀ, ਜਦੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਉਮਰਾਹ ਯਾਤਰਾ ਲਈ ਪਹੁੰਚੇ। ਸਾਲ ਵਿੱਚ ਕੁਝ ਸਮੇਂ ਬਾਅਦ ਇੱਥੇ ਸਾਲਾਨਾ ਹੱਜ ਯਾਤਰਾ ਵੀ ਹੁੰਦੀ ਹੈ, ਜਿਸ ਵਿੱਚ ਦੁਨੀਆ ਭਰ ਤੋਂ ਲੱਖਾਂ ਮੁਸਲਮਾਨ ਪਹੁੰਚਦੇ ਹਨ।

ਰਾਜ ਨਾਲ ਸਬੰਧਤ ਚੈਨਲ ਦੀ ਰਿਪੋਰਟ ਦੇ ਅਨੁਸਾਰ ਇਸ ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 20 ਹੋ ਗਈ ਹੈ, ਜਦੋਂ ਕਿ ਜ਼ਖਮੀਆਂ ਦੀ ਗਿਣਤੀ ਲਗਭਗ 29 ਹੈ।। ਰਿਪੋਰਟ ਮੁਤਾਬਕ ਮਰਨ ਵਾਲਿਆਂ ਦੀ



ਗਿਣਤੀ ਵੱਖ-ਵੱਖ ਦੇਸ਼ਾਂ ਦੇ ਨਾਗਰਿਕ ਸਨ, ਪਰ ਕੋਈ ਵਿਸਥਾਰਪੂਰਵਕ ਜਾਣਕਾਰੀ ਨਹੀਂ ਦਿੱਤੀ ਗਈ। ਬੱਸ 'ਚ ਖਰਾਬੀ ਆ ਗਈ ਸੀ, ਜਿਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਨਹੀਂ ਦਿੱਤੀ ਗਈ ਪਰ ਨਿੱਜੀ ਅਖਬਾਰ ਇਹ ਹਾਦਸਾ ਬ੍ਰੇਕ ਦੀ ਸਮੱਸਿਆ ਕਾਰਨ ਵਾਪਰਿਆ ਹੈ। ਗੱਡੀ ਫਿਰ 'ਪੁਲ ਨਾਲ ਟਕਰਾ ਗਈ, ਪਲਟ ਗਈ ਅਤੇ ਅੱਗ ਲੱਗ ਗਈ।

ਫੁਟੇਜ ਵਿੱਚਇੱਕ ਰਿਪੋਰਟਰ ਨੂੰ ਇੱਕ ਸੜੀ ਹੋਈ ਬੱਸ ਦੇ ਸ਼ੈੱਲ ਵਾਂਗ ਦਿਖਾਈ ਦੇਣ ਵਾਲੇ ਮਲਬੇ ਦੇ ਸਾਹਮਣੇ ਖੜ੍ਹਾ ਦੇਖਿਆ ਜਾ ਸਕਦਾ ਹੈ। ਸਾਊਦੀ ਅਰਬ ਵਿੱਚ ਸ਼ਰਧਾਲੂਆਂ ਨੂੰ ਪਵਿੱਤਰ ਸਥਾਨਾਂ ਤੱਕ ਪਹੁੰਚਾਉਣਾ ਇੱਕ ਖ਼ਤਰਨਾਕ ਕੰਮ ਸਾਬਤ ਹੋਇਆ ਹੈ, ਜੋ ਹੱਜ ਦੌਰਾਨ ਖਾਸ ਤੌਰ 'ਤੇ ਮੁਸ਼ਕਲ ਹੋ ਜਾਂਦਾ ਹੈ, ਜਦੋਂ ਬੱਸਾਂ ਸੜਕਾਂ 'ਤੇ ਭਾਰੀ ਟ੍ਰੈਫਿਕ ਜਾਮ ਦਾ ਕਾਰਨ ਬਣ ਜਾਂਦੀਆਂ ਹਨ, ਖ਼ਤਰੇ ਨੂੰ ਵਧਾਉਂਦੀਆਂ ਹਨ।

# ਬਿਹਾਰ ਪੁਲਿਸ ਨੇ ਬੇਰਹਿਮੀ ਨਾਲ ਫੌਜ ਦੇ ਜਵਾਨ ਨੂੰ ਸੜਕ ਵਿਚਕ-ਾਰ ਡੰਡਿਆਂ ਨਾਲ ਕੁੱਟਿਆ, ਗੱਡੀ ਦੀ ਜਾਂਚ ਦੌਰਾਨ ਹੋਈ ਲੜਾਈ



ਕਾਸ਼ੀਚਕ, 28 ਮਾਰਚ (ਪੋਸਟ ਬਿਊਰੋ): ਨਵਾਦਾ ਵਿੱਚ ਦਿਨ ਦਿਹਾੜੇ ਬਿਹਾਰ ਪੁਲਿਸ ਨੇ ਬੇਰਹਿਮੀ ਨਾਲ ਫੌਜ ਦੇ ਜਵਾਨ ਨੂੰ ਸੜਕ ਵਿਚਕਾਰ ਡੰਡਿਆਂ ਨਾਲ ਕੁੱਟਿਆ। ਜ਼ਿਲ੍ਹੇ ਦੇ ਕਾਸ਼ੀਚੱਕ ਬਲਾਕ ਦੇ ਅਧੀਨ ਸ਼ਾਹਪੁਰ ਓਪੀ ਖੇਤਰ ਦੇ ਸ਼ਾਹਪੁਰ ਚੌਕ 'ਤੇ ਸੋਮਵਾਰ ਨੂੰ ਵਾਹਨਾਂ ਦੀ ਚੈਕਿੰਗ ਦੌਰਾਨ ਪੁਲਿਸ ਮੁਲਾਜ਼ਮਾਂ ਨੇ ਫੌਜ ਦੇ ਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਮੌਕੇ 'ਤੇ ਲੋਕਾਂ ਦੀ ਵੱਡੀ ਭੀੜ ਇਕੱਠੀ ਹੋ ਗਈ। ਲੋਕ ਬਚਾਅ ਲਈ ਆਏ, ਪਰ ਪੁਲਿਸ ਮੁਲਾਜ਼ਮ ਰੁਕਣ ਦਾ ਨਾਂ ਨਹੀਂ ਲੈ ਰਹੇ ਸਨ। ਪੁਲਸ ਨੇ ਜਵਾਨ 'ਤੇ ਲਾਠੀਚਾਰਜ ਕੀਤਾ, ਜਿਸ ਵਿੱਚ ਉਹ ਗੰਭੀਰ ਜ਼ਖਮੀ ਹੋ ਗਿਆ।

ਮਾਮਲੇ ਸਬੰਧੀ ਦੱਸਿਆ ਜਾ ਰਿਹਾ ਹੈ ਕਿ ਫੌਜੀ ਜਵਾਨ ਸ਼ੇਖਪੁਰਾ ਜ਼ਿਲ੍ਹੇ ਦੇ ਪਿੰਡ ਮੀਆਂਬੀਘਾ ਦਾ ਰਹਿਣ ਵਾਲਾ ਨੰਦਨ ਕੁਮਾਰ ਹੈ। ਉਹ ਰਾਜਗੀਰ ਸਥਿਤ ਕੰਟੀਨ ਤੋਂ ਘਰ ਲਈ ਕੁਝ ਸਮਾਨ ਲਿਆ ਰਿਹਾ ਸੀ। ਇਸੇ ਦੌਰਾਨ ਸ਼ਾਹਪੁਰ ਚੌਕ ’ਤੇ ਵਾਹਨਾਂ ਦੀ ਚੈਕਿੰਗ ਕਰ ਰਹੇ ਸਥਾਨਕ ਪੁਲਿਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਰੋਕ ਲਿਆ। ਮੋਟਰਸਾਈਕਲ ਦਾ ਬੈਗ ਅਤੇ ਟਰੰਕ ਖੋਲ੍ਹਣ ਲਈ ਕਿਹਾ। ਫੌਜ ਦੇ ਜਵਾਨ ਨੰਦਨ ਕੁਮਾਰ ਨੇ ਬੈਗ ਅਤੇ ਟਰੰਕ ਨੂੰ ਜਾਂਚ ਲਈ ਖੋਲ੍ਹਿਆ, ਪਰ ਪੁਲਸ ਨੇ ਇਕ-ਇਕ ਚੀਜ਼ ਨੂੰ ਬਾਹਰ ਕੱਢ ਕੇ ਦਿਖਾਉਣ ਲਈ ਕਿਹਾ।

ਇਸ 'ਤੇ ਫੌਜ ਦੇ ਜਵਾਨ ਨੇ ਪੁਲਸ ਨੂੰ ਖੁਦ ਸਾਮਾਨ ਬਾਹਰ ਕੱਢ ਕੇ ਜਾਂਚ ਕਰਨ ਲਈ ਕਿਹਾ। ਇਸ ਦੌਰਾਨ ਪੁਲਿਸ ਮੁਲਾਜ਼ਮਾਂ ਨੇ ਫ਼ੌਜੀ ਜਵਾਨ ’ਤੇ ਲਾਠੀਆਂ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ, ਜਿਸ ਵਿੱਚ ਨੰਦਨ ਗੰਭੀਰ ਜ਼ਖ਼ਮੀ ਹੋ ਗਿਆ। ਸਥਾਨਕ ਲੋਕ ਬਚਾਅ ਲਈ ਆਏ, ਪਰ ਕੋਈ ਫਾਇਦਾ ਨਹੀਂ ਹੋਇਆ।

ਸਥਾਨਕ ਲੋਕਾਂ ਨੇ ਕਿਸੇ ਤਰ੍ਹਾਂ ਫੌਜੀ ਜਵਾਨ ਨੂੰ ਪੁਲਿਸ ਵਾਲਿਆਂ ਤੋਂ ਛੁਡਵਾਇਆ ਅਤੇ ਉਸ ਨੂੰ ਇਕ ਪ੍ਰਾਈਵੇਟ ਕਲੀਨਿਕ ਵਿਚ ਦਾਖਲ ਕਰਵ-ਾਇਆ। ਇਸ ਤੋਂ ਬਾਅਦ ਰਿਸ਼ਤੇਦਾਰਾਂ ਨੇ ਮੌਕੇ 'ਤੇ ਪਹੁੰਚ ਕੇ ਜ਼ਖਮੀ ਜਵਾਨ ਨੂੰ ਨਜ਼ਦੀਕੀ ਪੀ.ਐੱਚ.ਸੀ ਸ਼ੇਖੋਪੁਰਸਰਾਏ ਵਿਖੇ ਦਾਖਲ ਕਰਵਾਇਆ। ਇੱਥੇ ਮੌਜੂਦ ਡਾਕਟਰਾਂ ਨੇ ਜ਼ਖਮੀ ਜਵਾਨ ਨੂੰ ਬਿਹਤਰ ਇਲਾਜ ਲਈ ਵਿਮਸ ਹਸਪਤਾਲ ਪਾਵਾਪੁਰੀ ਲਈ ਰੈਫਰ ਕਰ ਦਿੱਤਾ।

# ਜਲੰਧਰ ਜ਼ਿਲ੍ਹੇ ਨਾਲ ਸੰਬੰਧਿਤ ਜੋੜੇ ਦਾ ਮਨੀਲਾ ਵਿਚ ਗੋਲੀਆਂ ਮਾਰ ਕੇ ਕਤਲ



ਮਨੀਲਾ, 28 ਮਾਰਚ (ਪੋਸਟ ਬਿਊਰੋ): ਜਲੰਧਰ ਜ਼ਿਲ੍ਹੇ ਦੇ ਪਿੰਡ ਮਹਿਸਮਪੁਰ ਤੋਂ ਬਹੁਤ ਹੀ ਦੁਖਦਾਈ ਖ਼ਬਰ ਮਿਲੀ ਹੈ, ਜਿੱਥੋਂ ਦੇ ਇੱਕ ਨੌਜਵਾਨ ਅਤੇ ਉਸਦੀ ਪਤਨੀ ਦਾ ਵਿਦੇਸ਼ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਹ ਦੁਖਦਾਈ ਖ਼ਬਰ ਮਿਲਦੇ ਹੀ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਪਸਰ ਗਈ । ਮਿਲੀ ਜਾਣਕਾਰੀ ਮੁਤਾਬਕ ਸੁਖਵਿੰਦਰ ਸਿੰਘ ਬਿੰਦਾ ਉਮਰ 41 ਸਾਲ ਪੁੱਤਰ ਸੰਤੋਖ ਸਿੰਘ ਅਤੇ ਉਸਦੀ ਪਤਨੀ ਕਿਰਨਦੀਪ ਕੌਰ ਉਮਰ 33 ਸਾਲ ਪੁੱਤਰੀ ਗੁਰਦ-ਾਵਰ ਸਿੰਘ ਲੰਬੜਦਾਰ ਵਾਸੀ ਪਿੰਡ ਚਚਰਾੜੀ ਜਿਲ੍ਹਾ ਜਲੰਧਰ ਦਾ ਮਨੀਲਾ ਵਿਚ 25 ਮਾਰਚ ਰਾਤ ਨੂੰ ਉਨ੍ਹਾਂ ਦੇ ਘਰ ਅੰਦਰ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।

ਮ੍ਰਿਤਕ ਦੇ ਭਰਾ ਲਖਵੀਰ ਸਿੰਘ ਨੇ ਦੱਸਿਆ ਕਿ ਉਹ ਵੀ ਮਨੀਲਾ ਵਿਚ ਹੀ ਰਹਿੰਦਾ ਹੈ ਅਤੇ ਕੁਝ ਸਮਾਂ ਪਹਿਲਾਂ ਹੀ ਪੰਜਾਬ ਪਰਤਿਆ ਹੈ। ਉਸਨੇ ਦੱਸਿਆ ਕਿ ਸੀਸੀਟੀਵੀ ਕੈਮਰੇ ਵਿੱਚ ਆਈ ਵੀਡੀਓ ਤੋਂ ਪਤਾ ਚਲਿਆ ਹੈ ਕਿ ਕਾਤਲ ਉਨ੍ਹਾਂ ਦੇ ਮਨੀਲਾ ਵਿਖੇ ਸਥਿਤ ਘਰ ਵਿੱਚ ਸ਼ਨੀਵਾਰ ਰਾਤ ਕਰੀਬ 10 ਵਜੇ ਦਾਖਲ ਹੋ ਕੇ ਉਸਦੇ ਭਰਾ ਨਾਲ ਕੁਝ ਸਮਾਂ ਗੱਲਾਂ ਕਰਦਾ ਹੈ ਫਿਰ ਉਸਦੇ ਗੋਲੀ ਮਾਰ ਦਿੰਦਾ ਹੈ, ਇਸਤੋਂ ਬਾਅਦ ਉਸਦੀ ਪਤਨੀ ਕਿਰਨਦੀਪ ਕੌਰ ਜੋ ਕਿ ਗੋਲੀ ਦੀ ਅਵਾਜ਼ ਸੁਣਕੇ ਬਾਹਰ ਆਉਂਦੀ ਹੈ ਤਾਂ ਉਸਦੇ ਵੀ ਗੋਲੀਆਂ ਮਾਰ ਦਿੰਦਾ ਹੈ।

ਇਹ ਪਰਿਵਾਰ ਪਿਛਲੇ ਕਰੀਬ 19 ਸਾਲਾਂ ਤੋਂ ਮਨੀਲਾ ਵਿਖੇ ਫਾਇਨਾਂਸ ਦਾ ਕਾਰੋਬਾਰ ਕਰ ਰਹੇ ਸਨ। ਜਿੱਥੇ ਮ੍ਰਿਤਕ ਸੁਖਵਿੰਦਰ ਸਿੰਘ ਬਿੰਦਾ ਦਾ ਭਰਾ ਲਖਵੀਰ ਸਿੰਘ, ਭਰਾ ਰਣਜੀਤ ਸਿੰਘ, ਚਾਚਾ ਮਨਜੀਤ ਸਿੰਘ ਅਤੇ ਚਾਚਾ ਬਹਾਦਰ ਸਿੰਘ ਸਾਰੇ ਰਹਿ ਰਹੇ ਹਨ। ਮ੍ਰਿਤਕ ਦੇ ਪਿਤਾ ਸੰਤੋਖ ਸਿੰਘ ਅਤੇ ਮਾਤਾ ਪਰਮਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਨੂੰਹ ਅਜੇ ਪੰਜ ਮਹੀਨੇ ਪਹਿਲਾਂ ਹੀ ਮਨੀਲਾ ਵਿਖੇ ਗਈ ਸੀ।

ਉਧਰ ਕਿਰਨਦੀਪ ਕੌਰ ਦੇ ਪੇਕੇ ਪਿੰਡ ਚਚਰਾੜੀ ਵਿਖੇ ਵੀ ਸ਼ੋਕ ਪਸਰਿਆ ਹੋਇਆ ਹੈ। ਕਿਰਨਦੀਪ ਕੌਰ ਦੇ ਪਿਤਾ ਗੁਰਦਾਵਰ ਸਿੰਘ ਲੰਬੜਦਾਰ ਨੇ ਦੱਸਿਆ ਕਿ ਉਸਦੀ ਬੱਚੀ ਦੇ ਵਿਆਹ ਨੂੰ ਤਿੰਨ ਸਾਲ ਹੋਏ ਸਨ। ਉਨ੍ਹਾਂ ਨੂੰ ਕੱਲ ਬਾਅਦ ਦੁਪਹਿਰ ਇਸ ਘਟਨਾ ਬਾਰੇ ਪਤਾ ਚੱਲਿਆ ਹੈ। ਉਨ੍ਹਾਂ ਨੇ ਪੰਜਾਬ ਅਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਬੱਚਿਆਂ ਦੇ ਕਾਤਲਾਂ ਨੂੰ ਸਜ਼ਾ ਦਿਵਾਈ ਜਾਵੇ।

# ਸ਼੍ਰੀਲੰਕਾ ਆਪਣੇ ਆਰਥਿਕ ਸੰਕਟ ’ਤੇ ਕਾਬੂ ਪਾਉਣ ਲਈ ਭਾਰਤ ਤੋਂ ਲਵੇਗਾ ਕਰਜ਼ਾ



ਕੋਲੰਬੋ, 28 ਮਾਰਚ (ਪੋਸਟ ਬਿਊਰੋ): ਸ਼੍ਰੀਲੰਕਾ ਭੋਜਨ ਅਤੇ ਦਵਾਈਆਂ ਸਮੇਤ ਜ਼ਰੂਰੀ ਵਸਤਾਂ ਖਰੀਦਣ ਲਈ ਭਾਰਤ ਤੋਂ ਇੱਕ ਅਰਬ ਡਾਲਰ ਦੀ ਨਵੀਂ ਅਸਥਾਈ ਕ੍ਰੈਡਿਟ ਸਹੂਲਤ ਦੀ ਮੰਗ ਕਰੇਗਾ। ਸ਼੍ਰੀਲੰਕਾ ਦੇ ਸਰਕਾਰੀ ਮੀਡੀਆ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਸ਼੍ਰੀਲੰਕਾ ਨੂੰ ਆਪਣੇ ਆਰਥਿਕ ਸੰਕਟ 'ਤੇ ਕਾਬੂ ਪਾਉਣ ਲਈ ਅੰਤਰਰਾਸ਼ਟਰੀ ਮੁਦਰਾ ਫੰਡ ਤੋਂ 333 ਮਿਲੀਅਨ ਡਾਲਰ ਦਾ ਪ੍ਰੋਤਸਾਹਨ ਪੈਕੇਜ ਮਿਲਿਆ ਹੈ। ਇਹ ਮੁਦਰਾ ਫੰਡ ਦੇ ਤਿੰਨ ਅਰਬ ਡਾਲਰ ਦੇ ਪ੍ਰੋਤਸਾਹਨ ਪੈਕੇਜ ਦੀ ਪਹਿਲੀ ਕਿਸ਼ਤ ਹੈ। ਇਸ ਨਾਲ ਦੇਸ਼ ਨੂੰ ਦੂਜੇ ਭਾਈਵਾਲ ਦੇਸ਼ਾਂ ਤੋਂ ਵੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ।

ਸ਼੍ਰੀਲੰਕਾ ਦੇ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਨੇ "ਦੇਸ਼ ਲਈ ਜ਼ਰੂਰੀ ਭੋਜਨ, ਦਵਾਈਆਂ ਅਤੇ ਹੋਰ ਸਮਾਨ ਖਰੀਦਣ" ਲਈ ਇੱਕ ਬਿਲੀਅਨ ਡਾਲਰ ਦੀ ਇੱਕ ਨਵੀਂ ਅਸਥਾਈ ਸਹੂਲਤ ਪ੍ਰਾਪਤ ਕਰਨ ਲਈ ਆਪਣੇ ਭਾਰਤੀ ਹਮਰੁਤਬਾ ਨਾਲ ਸਹਿਮਤੀ ਜਤਾਈ ਹੈ।

ਇਸ ਦੌਰਾਨ, ਸੈਂਟਰਲ ਬੈਂਕ ਦੇ ਸਾਬਕਾ ਗਵਰਨਰ ਡਾ. ਇੰਦਰਜੀਤ ਕੁਮਾਰਸਵਾਮੀ ਨੇ ਸੈਂਟਰਲ ਬੈਂਕ ਦੇ ਸੈਂਟਰ ਫਾਰ ਬੈਂਕਿੰਗ ਸਟੱਡੀਜ਼ ਦੁਆਰਾ ਆਯੋਜਿਤ ਇੱਕ ਵਿਚਾਰ-ਵਟਾਂਦਰੇ ਵਿੱਚ ਕਿਹਾ ਕਿ ਭਾਰਤੀ ਰੁਪਏ ਦੀ ਅਦਲਾ-ਬਦਲੀ ਨੂੰ ਸੁਰੱਖਿਅਤ ਕਰਨ ਲਈ ਰਿਜ਼ਰਵ ਬੈਂਕ ਵੀ ਗੱਲਬਾਤ ਕਰ ਰਿਹਾ ਹੈ। ਰਕਮ ਅਜੇ ਵੀ ਅਨਿਸ਼ਚਿਤ ਹੈ ਅਤੇ ਇੱਕ ਬਿਲੀਅਨ ਡਾਲਰ ਤੱਕ ਵੱਧ ਸਕਦੀ ਹੈ। ਇਸ 'ਤੇ ਅਜੇ ਕੰਮ ਚੱਲ ਰਿਹਾ ਹੈ।

# ਉਮੇਸ਼ ਪਾਲ ਅਗਵਾ ਮਾਮਲੇ ਵਿਚ ਅਤੀਕ ਅਹਿਮਦ ਨੂੰ ਉਮਰ ਕੈਦ ਦੀ ਸਜ਼ਾ



ਪ੍ਰਯਾਗਰਾਜ, 28 ਮਾਰਚ (ਪੋਸਟ ਬਿਊਰੋ): ਅਤੀਕ ਅਹਿਮਦ ਨੂੰ ਉਮੇਸ਼ ਪਾਲ ਅਗਵਾ ਮਾਮਲੇ ‘ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਤੀਕ ਦੇ ਨਾਲ ਦੋਸ਼ੀ ਠਹਿਰਾਏ ਗਏ ਦਿਨੇਸ਼ ਪਾਸੀ ਅਤੇ ਸੁਲਤ ਹਨੀਫ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਾਲਾਂਕਿ, ਅਤੀਕ ਦੇ ਭਰਾ ਅਸ਼ਰਫ ਸਮੇਤ ਸੱਤ ਜਣਿਆਂ ਨੂੰ ਮੰਗਲਵਾਰ ਨੂੰ ਬਰੀ ਕਰ ਦਿੱਤਾ ਗਿਆ ਹੈ।

ਮਾਫੀਆ ਅਤੀਕ ਖਿਲਾਫ 44 ਸਾਲ ਪਹਿਲਾਂ ਪਹਿਲਾ ਮਾਮਲਾ ਦਰਜ ਹੋਇਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਉਸ ਦੇ ਖਿਲਾਫ ਸੌ ਤੋਂ ਵੱਧ ਕੇਸ ਦਰਜ ਹਨ, ਪਰ ਪਹਿਲੀ ਵਾਰ ਕਿਸੇ ਮੁਕੱਦਮੇ ਵਿੱਚ ਉਸ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਉਮੇਸ਼ ਪਾਲ ਨੇ ਅਤੀਕ ਨੂੰ ਸਜ਼ਾ ਦਿਵਾਉਣ ਲਈ 17 ਸਾਲ ਲੜਾਈ ਲੜੀ। ਸਜ਼ਾ ਮਿਲਣ ਤੋਂ ਪਹਿਲਾਂ ਕਿਵੇਂ ਉਮੇਸ਼ ਦਾ ਕਤਲ ਕੀਤਾ ਗਿਆ ਸੀ ।

ਅਤੀਕ ਨੂੰ ਕਿਸ ਕੇਸ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ?

ਘਟਨਾ 2006 ਦੀ ਹੈ। ਇਸ ਸਬੰਧੀ 2007 ਵਿੱਚ ਕੇਸ ਦਰਜ ਹੋਇਆ ਸੀ। ਪਰ, ਕਹਾਣੀ 2005 ਤੋਂ ਸ਼ੁਰੂ ਹੁੰਦੀ ਹੈ। ਦਰਅਸਲ 25 ਜਨਵਰੀ 2005 ਨੂੰ ਇਲਾਹਾਬਾਦ ਪੱਛਮੀ ਵਿਧਾਨ ਸਭਾ ਸੀਟ ਤੋਂ ਨਵੇਂ ਚੁਣੇ ਗਏ ਵਿਧਾਇਕ ਰਾਜੂ ਪਾਲ ‘ਤੇ ਜਾਨਲੇਵਾ ਹਮਲਾ ਹੋਇਆ ਸੀ। ਸ਼ਹਿਰ ਦੇ ਪੁਰਾਣੇ ਇਲਾਕੇ ਸੁਲੇਮਸਰਾਏ ‘ਚ ਬਦਮਾਸ਼ਾਂ ਨੇ ਰਾਜੂ ਪਾਲ ਦੀ ਕਾਰ ‘ਤੇ ਗੋਲੀਆਂ ਚਲਾ ਦਿੱਤੀਆਂ ਸਨ। ਸੈਂਕੜੇ ਰਾਊਂਡ ਫਾਇਰਿੰਗ ਨਾਲ ਕਾਰ ‘ਚ ਸਵਾਰ ਲੋਕਾਂ ਦਾ ਪੂਰਾ ਸਰੀਰ ਛੱਲੀ ਕਰ ਦਿੱਤਾ ਸੀ .ਬਦਮਾਸ਼ਾਂ ਨੇ ਫਾਇਰਿੰਗ ਕਰਨ ਤੋਂ ਰੋਕਿਆ ਤਾਂ ਸਮਰਥਕ ਰਾਜੂ ਪਾਲ ਨੂੰ ਟੈਂਪੂ ਵਿੱਚ ਬਿਠਾ ਕੇ ਹਸਪਤਾਲ ਲਿਜਾਣ ਲੱਗੇ। ਹਮਲਾਵਰਾਂ ਨੇ ਇਹ ਦੇਖ ਕੇ ਰਾਜੂ ਨੂੰ ਜ਼ਿੰਦਾ ਸਮਝਿਆ। ਹਮਲਾਵਰਾਂ ਨੇ ਤੁਰੰਤ ਆਪਣੀ ਕਾਰ ਟੈਂਪੂ ਦੇ ਪਿੱਛੇ ਲਾ ਦਿੱਤੀ ਅਤੇ ਫਿਰ ਫਾਇਰਿੰਗ ਸ਼ੁਰੂ ਕਰ ਦਿੱਤੀ। ਉਹ ਕਰੀਬ ਪੰਜ ਕਿਲੋਮੀਟਰ ਤੱਕ ਟੈਂਪੋ ਦਾ ਪਿੱਛਾ ਕਰਦਾ ਰਿਹਾ। ਜਦੋਂ ਤੱਕ ਰਾਜੂ ਪਾਲ ਹਸਪਤਾਲ ਪਹੁੰਚਿਆ, ਉਸ ਨੂੰ 19 ਗੋਲੀਆਂ ਲੱਗ ਚੁੱਕੀਆਂ ਸਨ। ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਰਾਜੂ ਦਾ ਵਿਆਹ ਦਸ ਦਿਨ ਪਹਿਲਾਂ ਹੀ ਪੂਜਾ ਪਾਲ ਨਾਲ ਹੋਇਆ ਸੀ। ਰਾਜੂ ਪਾਲ ਦਾ ਦੋਸਤ ਉਮੇਸ਼ ਪਾਲ ਇਸ ਕਤਲ ਕਾਂਡ ਦਾ ਮੁੱਖ ਗਵਾਹ ਸੀ।

ਕਤਲ ਤੋਂ ਬਾਅਦ ਅਤੀਕ ਨੇ ਕਈ ਲੋਕਾਂ ਨੂੰ ਕਥਿਤ ਤੌਰ ‘ਤੇ ਕਿਹਾ ਕਿ ਉਮੇਸ਼ ਇਸ ਕੇਸ ਤੋਂ ਪਿੱਛੇ ਹਟ ਜਾਵੇ, ਨਹੀਂ ਤਾਂ ਉਸ ਨੂੰ ਦੁਨੀਆ ਤੋਂ ਹਟਾ ਦਿੱਤਾ ਜਾਵੇਗਾ। ਉਮੇਸ਼ ਨਾ ਮੰਨੇ ਤਾਂ 28 ਫਰਵਰੀ 2006 ਨੂੰ ਉਸ ਨੂੰ ਅਗਵਾ ਕਰ ਲਿਆ ਗਿਆ। ਉਸ ਨੂੰ ਕਰਬਲਾ ਸਥਿਤ ਦਫ਼ਤਰ ਵਿੱਚ ਲਿਜਾ ਕੇ ਅਤੀਕ ਨੇ ਕਥਿਤ ਤੌਰ ‘ਤੇ ਰਾਤ ਭਰ ਕੁੱਟਮਾਰ ਕੀਤੀ। ਅਤੀਕ ਨੇ ਉਸ ਨੂੰ ਆਪਣੇ ਹੱਕ ਵਿੱਚ ਹਲਫ਼ਨਾਮਾ ਲਿਖਵਾਉਣ ਲਈ ਕਿਹਾ। ਅਗਲੇ ਦਿਨ ਉਮੇਸ਼ ਨੇ ਵੀ ਅਦਾਲਤ ਵਿੱਚ ਅਤੀਕ ਦੇ ਹੱਕ ਵਿੱਚ ਗਵਾਹੀ ਦਿੱਤੀ। ਹਾਲਾਂਕਿ ਉਹ ਸਮਾਂ ਬਦਲਣ ਦੀ ਉਡੀਕ ਕਰ ਰਿਹਾ ਸੀ।

ਅਤੀਕ ਖ਼ਿਲਾਫ਼ ਕੁੱਲ 101 ਕੇਸ ਦਰਜ ਕੀਤੇ ਗਏ ਸਨ। ਇਸ ਵੇਲੇ ਅਦਾਲਤ ਵਿੱਚ 50 ਕੇਸ ਚੱਲ ਰਹੇ ਹਨ, ਜਿਨ੍ਹਾਂ ਵਿੱਚ ਐਨਐੱਸਏ, ਗੈਂਗਸਟਰ ਅਤੇ ਗੁੰਡਾ ਐਕਟ ਦੇ ਡੇਢ ਦਰਜਨ ਤੋਂ ਵੱਧ ਕੇਸ ਚੱਲ ਰਹੇ ਹਨ। ਉਸ ਖ਼ਿਲਾਫ਼ ਪਹਿਲਾ ਕੇਸ 1979 ਵਿੱਚ ਦਰਜ ਹੋਇਆ ਸੀ। ਇਸ ਤੋਂ ਬਾਅਦ ਅਤੀਕ ਨੇ ਅਪਰਾਧ ਦੀ ਦੁਨੀਆ ‘ਚ ਪਿੱਛੇ ਮੁੜ ਕੇ ਨਹੀਂ ਦੇਖਿਆ। ਪਤਾ ਨਹੀਂ ਉਸ ‘ਤੇ ਕਤਲ, ਲੁੱਟ-ਖੋਹ, ਫਿਰੌਤੀ, ਅਗਵਾ ਦੇ ਕਿੰਨੇ ਕੇਸ ਦਰਜ ਹਨ। ਮੁਕੱਦਮਿਆਂ ਦੇ ਨਾਲ-ਨਾਲ ਉਸ ਦਾ ਸਿਆਸੀ ਰੁਤਬਾ ਵੀ ਵਧਦਾ ਗਿਆ।

# ਮੁੱਖ ਮੰਤਰੀ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਉਨ੍ਹਾਂ ਦੇ ਘਰਾਂ ਵਿੱਚ ਹੱਲ ਕਰਨ ਲਈ ਪੁਲਿਸ ਦੇ ਵਿਗਿਆਨਕ ਲੀਹਾਂ ’ਤੇ ਆਧੁਨਿਕੀਕਰਨ ਦੀ ਲੋੜ ’ਤੇ ਜ਼ੋਰ

## ਬੱਚਿਆਂ ਤੇ ਔਰਤਾਂ ਦੀ ਗੁੰਮਸ਼ੁਦਗੀ ਤੇ ਸ਼ੋਸ਼ਣ ਦੀ ਰਿਪੋਰਟ ਕਰਨ ਲਈ ਚੈਟ ਬੋਟ ਨੰਬਰ 95177-95178 ਜਾਰੀ



ਚੰਡੀਗੜ੍ਹ, 28 ਮਾਰਚ (ਗਿਆਨ ਸਿੰਘ): ਪੁਲਿਸ ਬਲ ਦੇ ਵਿਗਿਆਨਕ ਲੀਹਾਂ ਉਤੇ ਆਧੁਨਿਕੀਕਰਨ ਉਪਰ ਜ਼ੋਰ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਆਖਿਆ ਕਿ ਲੋਕਾਂ ਨੂੰ ਸਮੱਸਿਆਵਾਂ ਦਾ ਆਨਲਾਈਨ ਮਾਧਿਅਮ ਰਾਹੀਂ ਉਨ੍ਹਾਂ ਦੇ ਘਰਾਂ ਵਿੱਚ ਹੱਲ ਕਰਨ ਦੀ ਸਹੂਲਤ ਦੇਣੀ ਸਮੇਂ ਦੀ ਲੋੜ ਹੈ।

ਇੱਥੇ ਇੰਡੀਅਨ ਸਕੂਲ ਆਫ਼ ਬਿਜ਼ਨਸ (ਆਈ.ਐਸ.ਬੀ.) ਵਿੱਚ ਔਰਤਾਂ ਤੇ ਬੱਚਿਆਂ ਦੀ ਗੁੰਮਸ਼ੁਦਗੀ ਤੇ ਸ਼ੋਸ਼ਣ ਦੀ ਰਿਪੋਰਟ ਕਰਨ ਲਈ ਚੈਟ ਬੋਟ (95177-95178) ਲਾਂਚ ਕਰਦਿਆਂ ਅਤੇ ਔਰਤਾਂ ਤੇ ਬੱਚਿਆਂ ਦੇ ਅਧਿਕਾਰਾਂ ਬਾਰੇ ਵਰਕਸ਼ਾਪ ਦਾ ਉਦਘਾਟਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਸੇਵਾ ਵਿੱਚ ਅਣਗਿਣਤ ਬਲੀਦਾਨ ਦੇਣ ਦੀ ਪੰਜਾਬ ਪੁਲਿਸ ਦੀ ਸ਼ਾਨਾਮੱਤੀ ਵਿਰਾਸਤ ਰਹੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨ-ਵਿਵਸਥਾ ਬਣਾਈ ਰੱਖਣ ਦਾ ਆਪਣਾ ਮੁੱਖ ਫ਼ਰਜ਼ ਨਿਭਾਉਂਦਿਆਂ ਪੰਜਾਬ ਪੁਲਿਸ ਨੇ ਹਮੇਸ਼ਾ ਦੇਸ਼ ਤੇ ਇਸ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਹੈ। ਭਗਵੰਤ ਮਾਨ ਨੇ ਕਿਹਾ ਕਿ ਬਦਲ ਰਹੇ ਹਾਲਾਤ ਵਿੱਚ ਪੁਲਿਸ ਬਲ ਲਈ ਚੁਣੌਤੀਆਂ ਕਈ ਗੁਣਾ ਵਧੀਆਂ ਹਨ, ਜਿਸ ਲਈ ਕਾਰਜਪ੍ਰਣਾਲੀ ਵਿੱਚ ਵਿਆਪਕ ਸੁਧਾਰ ਸਮੇਂ ਦੀ ਜ਼ਰੂਰਤ ਬਣ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਕਾਨੂੰਨ-ਵਿਵਸਥਾ ਉਤੇ ਸਖ਼ਤੀ ਨਾਲ ਨਿਗ੍ਹਾ ਰੱਖਣ ਤੋਂ ਇਲਾਵਾ ਪੁਲਿਸ ਬਲ ਨੂੰ ਕਮਿਊਨਿਟੀ ਪੁਲਿਸਿੰਗ ਉਤੇ ਵੀ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਕਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਅਤੇ ਲੋਕਾਂ ਨੂੰ ਸਹੂਲਤ ਦੇਣ ਲਈ ਅਜਿਹੀਆਂ ਹੋਰ ਪਹਿਲਕਦਮੀਆਂ ਕਰਨ ਦੀ ਲੋੜ ਹੈ। ਭਗਵੰਤ ਮਾਨ ਨੇ ਕਿਹਾ ਕਿ ਅੱਜ ਵਿਗਿਆਨ ਤੇ ਤਕਨਾਲੋਜੀ ਦਾ ਯੁੱਗ ਹੈ। ਇਸ ਲਈ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਬੇੜਾ ਆਨਲਾਈਨ ਸਹੂਲਤਾਂ ਰਾਹੀਂ ਉਨ੍ਹਾਂ ਦੇ ਘਰਾਂ ਵਿੱਚ ਹੀ ਕਰਨ ਉਤੇ ਵੱਡਾ ਧਿਆਨ ਦੇਣ ਦੀ ਜ਼ਰੂਰਤ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਮੁੱਚੀ ਨਿਆਂ ਪ੍ਰਣਾਲੀ ਵਿੱਚ ਸਿਰੇ ਤੋਂ ਸੁਧਾਰ ਕਰਨ ਦੀ ਲੋੜ ਹੈ ਅਤੇ ਪੁਲਿਸ ਇਸ ਪ੍ਰਣਾਲੀ ਦਾ ਧੁਰਾ ਹੈ, ਜਿਸ ਵਿੱਚ ਫੌਰੀ ਸੁਧਾਰਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਡੇ ਪੁਲਿਸ ਸੁਧਾਰਾਂ ਦਾ ਮੰਤਵ ਨੈਤਿਕ ਕਦਰਾਂ-ਕੀਮਤਾਂ, ਸੱਭਿਆਚਾਰ, ਪੁਲਿਸ ਸੰਗਠਨ ਦੀਆਂ ਨੀਤੀਆਂ ਤੇ ਸਦਾਚਾਰ ਵਿੱਚ ਬਦਲਾਅ ਹੋਵੇਗਾ ਤਾਂ ਕਿ ਪੁਲਿਸ ਜਮਹੂਰੀ ਕਦਰਾਂ-ਕੀਮਤਾਂ, ਮਨੁੱਖੀ ਅਧਿਕਾਰਾਂ ਤੇ ਕਾਨੂੰਨ ਮੁਤਾਬਕ ਆਪਣੇ ਫ਼ਰਜ਼ ਨਿਭਾ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਸ ਦਾ ਇਕ ਮੰਤਵ ਸੁਰੱਖਿਆ ਖੇਤਰ ਦੇ ਹੋਰ ਭਾਗਾਂ ਨਾਲ ਸਿੱਝਣ ਦੇ ਪੁਲਿਸ ਨੂੰ ਯੋਗ ਬਣਾਉਣਾ ਹੈ, ਜਿਨ੍ਹਾਂ ਵਿੱਚ ਮੈਨੇਜਮੈਂਟ ਅਤੇ ਨਿਗਰਾਨੀ ਦੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ।

ਸੰਗਰੂਰ ਸੰਸਦੀ ਹਲਕੇ ਦੀ ਮਿਸਾਲ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਜ਼ਿਲ੍ਹੇ ਦੇ ਹਰੇਕ ਕੋਨੇ ਉਤੇ ਨਜ਼ਰ ਰੱਖਣ ਲਈ ਉਥੇ ਆਧੁਨਿਕ ਸੀ.ਸੀ.ਟੀ.ਵੀ. ਕੈਮਰੇ ਲਗਾਉਣੇ ਸ਼ੁਰੂ ਕੀਤੇ ਹਨ। ਉਨ੍ਹਾਂ ਐਲਾਨ ਕੀਤਾ ਕਿ ਇਸ ਨੂੰ ਹੁਣ ਸੂਬੇ ਭਰ ਵਿੱਚ ਲਾਗੂ ਕੀਤਾ ਜਾਵੇਗਾ ਤਾਂ ਕਿ ਪੁਲਿਸ ਉਤੇ ਕੰਮ ਦਾ ਬੋਝ ਘਟਾਉਣ ਦੇ ਨਾਲ-ਨਾਲ ਕਾਨੂੰਨ-ਵਿਵਸਥਾ ਦੀ ਸਥਿਤੀ ਉਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਨਜ਼ਰ ਰੱਖੀ ਜਾ ਸਕੇ। ਭਗਵੰਤ ਮਾਨ ਨੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਪੁਲਿਸ ਦੀ ਤੀਜੀ ਅੱਖ ਦੱਸਿਆ ਅਤੇ ਕਿਹਾ ਕਿ ਇਨ੍ਹਾਂ ਨਾਲ ਕਿਸੇ ਵੀ ਅਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਫੌਰੀ ਕਾਰਵਾਈ ਯਕੀਨੀ ਬਣੇਗੀ।

ਮੁੱਖ ਮੰਤਰੀ ਨੇ ਵਿਭਾਗ ਦੇ ਆਧੁਨਿਕੀਕਰਨ ਲਈ ਪੁਲਿਸ ਬਲ ਵੱਲੋਂ ਕੀਤੀਆਂ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਉਮੀਦ ਜਤਾਈ ਕਿ ਮਨੁੱਖੀ ਤਸਕਰੀ ਪੁਲਿਸ ਲਈ ਹੀ ਨਹੀਂ, ਸਗੋਂ ਸਮੁੱਚੇ ਸਮਾਜ ਲਈ ਗੰਭੀਰ ਖ਼ਤਰਾ ਬਣ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਖ਼ਤਰੇ ਨਾਲ ਸਖ਼ਤੀ ਨਾਲ ਸਿੱਝਣ ਦੀ ਲੋੜ ਹੈ, ਜਿਸ ਲਈ ਪੁਲਿਸ ਵੱਲੋਂ ਲੀਕ ਤੋਂ ਹਟ ਕੇ ਕੀਤੀ ਚੈਟ ਬੋਟ ਨਾਂ ਦੀ ਪਹਿਲਕਦਮੀ ਇਕ ਸਵਾਗਤਯੋਗ ਕਦਮ ਹੈ।

ਪੁਲਿਸ ਤੋਂ ਕੰਮ ਦਾ ਬੋਝ ਘਟਾਉਣ ਲਈ ਪਿੰਡਾਂ ਜਾਂ ਘਰਾਂ ਦੇ ਪੱਧਰ ਉਤੇ ਸੁਲ੍ਹਾ-ਮਸ਼ਵਰਾ ਕਰਨ ਦੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ਦੀ ਨਿਸ਼ਾਨਦੇਹੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਜਿੱਥੇ ਸੂਬੇ ਵਿੱਚ ਸਮਾਜਿਕ ਤਾਣਾ-ਬਾਣਾ ਮਜ਼ਬੂਤ ਹੋਵੇਗਾ, ਉੱਥੇ ਲੋਕਾਂ ਵਿਚਾਲੇ ਆਪਸੀ ਪਿਆਰ ਵੀ ਵਧੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਸਮਾਜਿਕ ਬਦਨਾਮੀ ਦੇ ਵੱਖ-ਵੱਖ ਕਾਰਨਾਂ ਨੂੰ ਖ਼ਤਮ ਕਰਨ ਵਿੱਚ ਮਦਦ ਮਿਲੇਗੀ ਅਤੇ ਸਾਰਿਆਂ ਲਈ ਬਰਾਬਰ ਮੌਕਿਆਂ ਵਾਲਾ ਸਮਾਜ ਸਥਾਪਤ ਕਰਨ ਦਾ ਰਾਹ ਪੱਧਰਾ ਹੋਵੇਗਾ। ਚੈਟ ਬੋਟ ਨੂੰ ਪੁਲਿਸ ਪ੍ਰਣਾਲੀ ਵਿੱਚ ਸੁਧਾਰ ਲਈ ਨਿਵੇਕਲੀ ਪਹਿਲਕਦਮੀ ਦੱਸਦਿਆਂ ਉਨ੍ਹਾਂ ਕਿਹਾ ਕਿ ਭਾਰਤ ਵਰਗੇ ਵਿਕਾਸਸ਼ੀਲ ਮੁਲਕ ਨੂੰ ਲੋਕਾਂ ਦੀਆਂ ਸਮੱਸਿਆਵਾਂ ਦਾ ਤੇਜ਼ੀ ਨਾਲ ਹੱਲ ਕਰਨ ਲਈ ਵਟਸਐਪ ਚੈਟ ਬੋਟ ਤੇ ਹੋਰ ਆਨਲਾਈਨ ਤਰੀਕਿਆਂ ਦੀ ਲੋੜ ਹੈ।

ਇਸ ਤੋਂ ਪਹਿਲਾਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਵਿਭਾਗ ਬੱਚਿਆਂ ਨੂੰ ਹੀ ਨਹੀਂ, ਸਗੋਂ ਬਚਪਨ ਨੂੰ ਵੀ ਬਚਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਔਰਤਾਂ ਤੇ ਬੱਚਿਆਂ ਦੀ ਭਲਾਈ ਲਈ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ ਅਤੇ ‘ਵਿੱਦਿਆ ਪ੍ਰਕਾਸ਼, ਸਕੂਲ ਵਾਪਸੀ ਦਾ ਆਗਾਜ਼’ ਇਨ੍ਹਾਂ ਵਿੱਚੋਂ ਇਕ ਹੈ, ਜਿਹੜਾ ਹੌਲੀ-ਹੌਲੀ ਸਫ਼ਲਤਾ ਦਾ ਪ੍ਰਤੀਕ ਬਣ ਰਿਹਾ ਹੈ।ਇਸ ਮੌਕੇ ਡੀ.ਜੀ.ਪੀ. ਗੌਰਵ ਯਾਦਵ ਨੇ ਪੁਲਿਸ ਦੀ ਕਾਰਜਪ੍ਰਣਾਲੀ ਬਾਰੇ ਸੰਖੇਪ ਵਿੱਚ ਚਾਨਣਾ ਪਾਇਆ ਅਤੇ ਭਰੋਸਾ ਦਿਵਾਇਆ ਕਿ ਪੁਲਿਸ ਜਵਾਨਾਂ ਲਈ ਅਨੁਕੂਲ ਮਾਹੌਲ ਸਿਰਜਿਆ ਜਾਵੇਗਾ। ਏ.ਡੀ.ਜੀ.ਪੀ. ਗੁਰਪ੍ਰੀਤ ਕੌਰ ਦਿਓ ਨੇ ਸਮਾਗਮ ਵਿੱਚ ਪੁੱਜੀਆਂ ਸਾਰੀਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਨਿੱਘਾ ਸਵਾਗਤ ਕੀਤਾ।






URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA

MCNE, REAL ESTATE BROKER

416-371-7777

e-mail: j.aujla@rogers.com or visit: www.jagaujla.com

MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਧਰਾ, ਮਾਡਰਨ ਲੇਆਊਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਧਰਾ, ਮਾਡਰਨ ਲੇਆਊਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.

Ph:905-456-3232


JAG AUJLA 416-371-7777

MCNE, Real Estate Broker

NOT INTENDED TO SOLICIT BUYERS OR SELLERS CURRENTLY UNDER CONTRACT



# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044








# Grand Upholstery Ltd

Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212

2053 Williams Pkwy, Unit -45, Brampton | Email: grandupholstery@gmail.com






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017